# ਅਨੰਦੁ ਸਾਹਿਬ

# ANAND SAHIB

"ਅਨੰਦ" ਬਾਣੀ ਦਾ ਨਾਮ ਹੈ। ਅਨੰਦ ਦਾ ਅਰਥ ਹੈ ਖੁਸ਼ੀ, ਖੇੜਾ, ਆਤਮਿਕ ਖੁਸ਼ੀ, ਅਤੇ ਦੁਨਿਆਵੀ ਸੁਖ ਵੀ।

"Anand:" the Blissful Hymn, is the name of the scripture, it also means the spiritual-bliss, and the worldly pleasures as well.

## ਰਾਮਕਲੀ ਮਹਲਾ ੩ ਅਨੰਦੁ

raamkalee mehlaa 3 anand

"ਅਨੰਦ," ਰਾਗ ਰਾਮਕਲੀ ਵਿਚ ਤੀਸਰੇ ਪਾਤਿਸ਼ਾਹ ਗੁਰੂ ਅਮਰਦਾਸ ਜੀ ਦੀ ਬਾਣੀ, ਗੁਰੂ ਗਰੰਥ ਸਾਹਿਬ ਦੇ ਪੰਨਾ 917 ਤੇ ਹੈ।

"Anand," the Scripture composed by the 3rd Guru Amardas. It is in the Raag Raamkalee (Musical-measure named Raamkalee), at the page 917 of the Sikh Holy Book: Guru Granth Sahib.

## ੴ ਸਤਿਗੁਰ ਪ੍ਰਸਾਦਿ ॥

ik-oNkaar satgur parsaad.

ਸਾਰੇ ਫੈਲੇ: ਸਰਬ ਵਿਆਪਕ, ਸਭ ਤਾਕਤਾਂ ਵਾਲੇ: ਸਰਬ-ਸ਼ਕਤੀਮਾਨ, ਵਾਹਿਗੁਰੂ ਜੀ, ਸਤਿਗੁਰੂ ਜੀ, ਦੀ ਕਿਰਪਾ ਦੇ ਨਾਲ ਇਹਨਾ ਦਾ ਗਿਆਨ ਪਰਾਪਤ ਹੁੰਦਾ ਹੈ।

ਸਤਿਗੁਰੂ ਜੀ ਦੀ ਕਿਰਪਾ ਦੇ ਨਾਲ ਸਮਝ ਆ ਜਾਂਦੀ ਹੈ ਕਿ ਪਰਮਾਤਮਾ ਵਰਗਾ ਹੋਰ ਦੂਸਰਾ ਕੋਈ ਨਹੀ, ਅਤੇ ਉਹ ਹਰ ਥਾਂ ਅਤੇ ਹਰ ਚੀਜ਼ ਵਿਚ ਹੈ।

ੴ ਦਾ ਉਚਾਰਨ ਹੈ "ਇਕ ਓਅੰਕਾਰ।"

੧ = ਇਕ, ਜਿਸਦਾ ਕੋਈ ਦੂਸਰਾ ਸ਼ਰੀਕ ਨਹੀ ਹੈ। ਆਮ ਕਹਿੰਦੇ ਹਨ "ਇਕ ਵਾਹਿਗੁਰੂ।" ਸਿਰਫ਼ "ਵਾਹਿਗੁਰੂ" ਲਿਖ ਦੇਣ ਦਾ ਵੀ ਇਹ ਹੀ ਭਾਵ ਹੈ ਕਿ ਉਹ "ਇਕ" ਹੈ।

ੳ = ਓਂ, ਓਅੰਙ, ਇਹ ਆਵਾਜ਼ ਜਾਂ ਲਿਖਤ ਪਰਮਾਤਮਾ ਦਰਸਾਂਦੀ (ਦਸਦੀ) ਹੈ।

⁀ = ਕਾਰ, ਅਕਾਰ, ਸਾਰੇ ਫੈਲਿਆ ਹੋਇਆ, ਹਰ ਚੀਜ਼ ਵਿਚ।

By the Guru's grace: kindness, one understands that there is none else like God, and He is present everywhere and in everything.

ੴ Is phonated as "Ikk-o-ann-kaar." In this -

੧ = means one 1, none else like Him.

ੳ = O, O-ann, As a sound or in writing, it represents God.

⁀ = Kaar, Akkaar, All over, everywhere, in every thing.

ਗੁਰਬਾਣੀ ਵਿਚ ਸਤਿਗੁਰੂ ਅਤੇ ਗੁਰੂ ਦੋਨੋ ਸ਼ਬਦ ਪਰਮਾਤਮਾ ਵਾਸਤੇ ਵੀ ਵਰਤੇ ਗਏ ਹਨ। ਟਰਾਂਸਲੇਸ਼ਨ (ਟੀਕੇ) ਵਿਚ ਕਿਤੇ ਕਿਤੇ ਇਹ ਦੱਸਣ ਅਤੇ ਲਿਖਤ ਛੋਟੀ ਰੱਖਣ ਲਈ "ਗੁਰੂ-ਵਾਹਿਗੁਰੂ," ਜਾਂ "ਸਤਿਗੁਰੂ-ਵਾਹਿਗੁਰੂ"

ਲਿਖ ਦਿੱਤਾ ਹੈ।

Prevailing all over: present everywhere and in everything, Waheguru (God) is realized (Understood) through the Grace of the Satguru: the True Master, the Prophet.

(Guru (The Master) is Prophet, and Satguru means the True Prophet. In Gurbani (Scriptures) Guru and Satguru, the both have also been used for God. In the translation, at places "Guru-Wahguru" or "Satguru-Waheguru" have been given to hint out this, and to keep the writing short).

ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥

anand bha-i-aa mayree maa-ay satguroo mai paa-i-aa.

ਹੇ ਮੇਰੀ ਮਾਤਾ, ਮੈਂ ਸਤਿਗੁਰੂ ਨੂੰ ਪਾ ਲਿਆ ਹੈ, ਅਤੇ ਇਸ ਲਈ ਮੈਂ ਖੁਸ਼ੀ ਵਿਚ ਹਾਂ।

ਸ਼ਬਦ "ਸਤਿਗੁਰੂ" "ਵਾਹਿਗੁਰੂ" ਵਾਸਤੇ ਵੀ ਵਰਤਿਆ ਗਿਆ ਹੈ। ਇਹ ਬਾਣੀ ਗੁਰੂ ਅਮਰਦਾਸ ਜੀ ਦੀ ਹੈ, ਅਤੇ ਜੱਦ ਇਹ ਸ਼ਬਦ "ਸਤਿਗੁਰੂ" ਵਰਤ ਰਹੇ ਹਨ, ਇਹਦਾ ਅਰਥ ਇਹਨਾ ਦੇ ਗੁਰੂ ਅੰਗਦ ਦੇਵ ਜੀ ਜਾਂ ਇਹਨਾ ਤੋਂ ਪਹਿਲੇ ਗੁਰੂ ਨਾਨਕ ਦੇਵ ਜੀ ਵੀ ਹੋ ਸਕਦਾ ਹੈ, ਅਤੇ ਜਾਂ "ਵਾਹਿਗੁਰੂ"।

O my mother, I am in joy, because I have met the True Master. (This Scripture is by the Third Guru Amar Das, his Satguru: True Master, can be his preceding Guru Angad Dev the Second Guru, or even Guru Nank Dev, and it can as well mean Waheguru: God).

ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ॥

satgur ta paa-i-aa sahj saytee man vajee-aa vaaDhaa-ee-aa.

ਸਤਿਗੁਰੂ (ਵਾਹਿਗੁਰੂ) ਜੀ ਮੈਨੂੰ ਸਹਿਜ-ਸੁਭਾ ਹੀ: ਅਨਭੋਲ, ਆਪਣੀ ਦਿਆ ਕਰਕੇ, ਮਿਲ ਗਏ ਹਨ, ਅਤੇ ਮਨ ਵਧਾਈਆਂ (ਖੁਸ਼ੀਆਂ) ਮਨਾ ਰਿਹਾ ਹੈ।

ਗੁਰੂ ਜੀ ਨੂੰ ਮਿਲਣ ਦੇ ਨਾਲ ਹੀ, ਬਿਨਾ ਕਿਸੇ ਖੇਚਲ ਵਿਚ ਪਿਆਂ, ਸਿਰਫ਼ ਪਰਮਾਤਮਾ ਨੂੰ ਯਾਦ ਕਰਦੇ ਰਹਿਣ ਨਾਲ, ਵਾਹਿਗੁਰੂ ਦੇ ਨਾਲ ਮੇਲ ਹੋ ਗਿਆ ਹੈ।

ਵਾਹਿਗੁਰੂ ਬਾਰੇ ਸਮਝ ਆ ਗਈ ਹੈ ਕਿ ਉਹ ਹਰ ਥਾਂ, ਹਰ ਇਕ ਦੇ ਵਿਚ, ਅਤੇ ਸਭ ਕੁਝ ਕਰਣ ਵਾਲਾ ਹੈ।

I have found the True Master with ease, and my mind is in Joy.
(I have found the True Master easily by His Kindness, and my mind is in Joy: Bliss).

ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ ॥

raag ratan parvaar paree-aa sabad gaavan aa-ee-aa.

ਇਸ ਖੁਸ਼ੀ ਵਿਚ, ਮੇਰੇ ਮਨ ਦੇ ਅੰਦਰ ਰਤਨ ਰਾਗ – ਪਰਮੁਖ ਰਾਗ, ਸੋਹਣੇ ਰਾਗ, ਸਣੇ ਆਪਣੇ ਪਰਵਾਰ (ਪਰੀਆਂ – ਰਾਗਨੀਆਂ) ਦੇ ਆ ਕੇ ਵਾਹਿਗੁਰੂ ਦਾ ਜੱਸ: ਸਿਫ਼ਤ, ਕਰਨ ਲੱਗ ਪਏ ਹਨ

ਮਨ ਦੇ ਅੰਦਰ ਰਾਗਾਂ ਵਿਚ ਬਾਣੀ ਦਾ ਕੀਰਤਨ ਚੱਲ ਪਿਆ ਹੈ। ਦਰਗਾਹ ਤੋਂ- ਵਾਹਿਗੁਰੂ ਦੇ ਦਰ ਤੋਂ, ਬਾਣੀ ਆ ਰਹੀ ਹੈ।

In this joy, "Shabad:" Hymns, the praise of God, has started in my mind in the

enchanting Raags and Raaganees: musical measures and sub-measures. (God-sent Hymns are being revealed).

ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ ॥
sabdo ta gaavhu haree kayraa man jinee vasaa-i-aa.
ਤੁਸੀਂ ਸਿਰਫ਼ ਵਾਹਿਗੁਰੂ ਦਾ ਜਸ ਕਰੋ ਕਿ ਜਿਸਦੇ ਨਾਲ ਪਰਮਾਤਮਾ ਮਨ ਦੇ ਅੰਦਰ ਵੱਸ ਗਿਆ ਹੈ – ਮੈਂ ਉਹਦਾ ਨਾਮ ਜਪਣ ਲੱਗ ਪਿਆ ਹਾਂ।
You sing only the Shabad: Hymns, praise, of the Lord, due to which He settled His Name in my mind: I started reciting His Name.

ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ ॥੧॥
kahai naanak anand ho-aa satguroo mai paa-i-aa. ||1||
ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਇਹਨਾ ਨੂੰ ਖੁਸ਼ੀ ਹੈ ਕਿਉਂ ਜੋ ਇਹਨਾ ਨੂੰ ਸੱਚੇ-ਗੁਰੂ (ਪਰਮਾਤਮਾਂ) ਮਿਲ ਪਏ ਹਨ: ਇਹਨਾ ਦੇ ਬਾਰੇ ਗਿਆਨ ਹੋ ਗਿਆ ਹੈ।
Says Guru Nanak Dev, he is in joy, because he has found the True Guru - He has realized: understood, the Lord. ||1||

ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ ॥
ay man mayri-aa too sadaa rahu har naalay.
ਐ ਮੇਰੇ ਮਨ, ਤੂੰ ਸਦਾ ਵਾਹਿਗੁਰੂ ਦੇ ਧਿਆਨ ਵਿਚ ਰਹਿ (ਵਾਹਿਗੁਰੂ ਦਾ ਜਾਪ ਕਰ)।
ਸਿਖ ਧਰਮ ਵਿਚ ਪਰਮਾਤਮਾ ਦਾ ਨਾਮ ਵਾਹਿਗੁਰੂ ਹੈ, ਅਤੇ ਇਹ ਸ਼ਬਦ "ਵਾਹਿਗੁਰੂ" ਦਾ ਜਾਪ ਕਰਦੇ ਹਨ।
O my mind, always keep remembering the Lord.
(In Sikhs' the Name of God is Waheguru, and they recite the Word "Waheguru.").

ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ ॥
har naal rahu too man mayray dookh sabh visaarnaa.
ਮੇਰੇ ਮਨ, ਤੂੰ ਹਰ ਵੇਲੇ ਵਾਹਿਗੁਰੂ ਨੂੰ ਯਾਦ ਰੱਖ, ਇਹ ਸਾਰੇ ਦੁਖ ਦੂਰ ਕਰਨ ਵਾਲਾ ਹੈ।
O my mind, always remember the Lord, He removes all the sufferings.

ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ ॥
angeekaar oh karay tayraa kaaraj sabh savaarnaa.
(ਉਹਨੂੰ ਯਾਦ ਕਰਨ ਦੇ ਨਾਲ) ਉਹ ਤੈਨੂੰ ਅੰਗੀਕਾਰ ਕਰ: ਆਪਣਾ ਬਣਾ ਲਵੇਗਾ, ਅਤੇ ਤੇਰੇ ਸਾਰੇ ਕੰਮ ਠੀਕ ਹੋ ਜਾਣਗੇ।
(By remembering Him) He will accept you, and all your affairs will be set right.

ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ ॥
sabhnaa galaa samrath su-aamee so ki-o manhu visaaray.
ਵਹਿਗੁਰੁ ਕਿ ਜੋ ਸਭ ਕੁਝ ਕਰ ਸਕਦਾ ਹੈ, ਤੂੰ ਉਹਨੂੰ ਕਿਉਂ ਮਨ ਤੋਂ ਭੁਲਾਉਂਦਾ ਹੈਂ!
God can do everything, then why do you forget Him!

ਕਹੈ ਨਾਨਕੁ ਮੰਨ ਮੇਰੇ ਸਦਾ ਰਹੁ ਹਰਿ ਨਾਲੇ ॥੨॥
kahai naanak man mayray sadaa rahu har naalay. ||2||
ਨਾਨਕ ਜੀ ਕਹਿੰਦੇ ਹਨ ਕਿ ਹੇ ਮਨ ਤੂੰ ਹਮੇਸ਼ਾ ਵਾਹਿਗੁਰੂ ਨੂੰ ਯਾਦ ਰੱਖ।
Nanak says, O mind, always remember the Lord. ||2||

ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ ॥
saachay saahibaa ki-aa naahee ghar tayrai.
ਹੇ ਸੱਚੇ: ਸਦਾ ਕਾਇਮ ਪਾਤਿਸ਼ਾਹ, ਤੇਰੇ ਘਰ ਕੀ ਨਹੀ!
My True Lord, what is not there in Your house!

ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ ॥
ghar ta tayrai sabh kichh hai jis deh so paav-ay.
ਤੇਰੇ ਘਰ ਸਭ ਕੁਝ ਹੈ (ਆਤਮਿਕ, ਭਗਤੀ) ਅਤੇ ਜਿਸ ਨੂੰ ਤੂੰ ਦਿੰਦਾ ਹੈਂ: ਨਾਮ, ਭਗਤੀ, ਉਹਨੂੰ ਮਿਲ ਜਾਂਦਾ ਹੈ।
Everything (Spiritual, His worship) is there with You, but only those get to whom You give.

ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ ਵਸਾਵਏ ॥
sadaa sifat salaah tayree naamu manne vasaava-ay.
(ਜਿਨ੍ਹਾਂ ਨੂੰ ਵਾਹਿਗੁਰੂ ਦਿੰਦਾ ਹੈ ਆਪਣਾ ਨਾਮ, ਉਹ) ਵਾਹਿਗੁਰੂ ਦੇ ਗੁਣ ਗਾਉਣ ਅਤੇ ਨਾਮ ਜਪਣ ਨੂੰ ਹਰ ਵਕਤ ਮਨ ਦੇ ਅੰਦਰ ਰਖਦੇ ਹਨ – ਯਾਦ ਕਰਦੇ ਹਨ।
(Those who receive Your gift: Your Name), they always sing Your praise and keepYour Name in their minds - remember You.

ਨਾਮੁ ਜਿਨ ਕੈ ਮਨਿ ਵਸਿਆ ਵਾਜੇ ਸਬਦ ਘਨੇਰੇ ॥
naam jin kai man vasi-aa vaajay sabad ghanayray.
ਜਿਨ੍ਹਾਂ ਦੇ ਮਨ ਦੇ ਅੰਦਰ ਵਾਹਿਗੁਰੂ ਦਾ ਨਾਮ ਵਸ ਜਾਂਦਾ ਹੈ (ਨਾਮ ਜਪਦੇ ਹਨ), ਉਹਨਾ ਨੂੰ ਬਹੁਤ ਖੁਸ਼ੀਆਂ ਮਿਲ ਜਾਂਦੀਆਂ ਹਨ। (ਜਿਵੇਂ ਕਿ ਰਾਗ–ਵਾਜੇ ਸੁਣ ਕੇ ਮਨ ਖੁਸ਼ ਹੋ ਜਾਂਦਾ ਹੈ)।
Those who keep the Name of God in their minds, they stay in joy (Spiritual joy, as it is given by music and singing).

ਕਹੈ ਨਾਨਕੁ ਸਚੇ ਸਾਹਿਬ ਕਿਆ ਨਾਹੀ ਘਰਿ ਤੇਰੈ ॥੩॥
kahai naanak sachay saahib ki-aa naahee ghar tayrai. ||3||
ਗੁਰੂ ਨਾਨਕ ਜੀ ਕਹਿੰਦੇ ਹਨ, ਸੱਚੇ (ਸਦਾ ਕਾਇਮ) ਵਾਹਿਗੁਰੂ, ਕੀ ਹੈ ਕਿ ਜੋ ਤੇਰੇ ਘਰ ਨਹੀ ਹੈ (ਤੂੰ ਸਭ ਕੁਝ

ਕਰ, ਦੇ ਸਕਦਾ ਹੈਂ)!

Nanak says, O my Lord, what is not there in Your house! (You can do and give everything). ||3||

ਸਾਚਾ ਨਾਮੁ ਮੇਰਾ ਆਧਾਰੋ ॥

saachaa naam mayraa aaDhaaro.

ਵਾਹਿਗੁਰੂ ਦਾ ਸੱਚਾ ਨਾਮ ਮੇਰਾ ਆਸਰਾ ਹੈ।

The True Name of God is my support.

ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ ॥

saach naam aDhaar mayraa jin bhukhaa sabh gavaa-ee-aa.

ਉਹਦਾ ਸੱਚਾ ਨਾਮ ਮੇਰਾ ਆਸਰਾ ਹੈ, ਅਤੇ ਇਹਨੇ ਮੇਰੀਆਂ ਹੋਰ ਸਾਰੀਆਂ ਭੁੱਖਾਂ (ਲੋੜਾਂ, ਚਾਹਵਾਂ) ਹਟਾ-ਮਿਟਾ ਦਿਤੀਆਂ ਹਨ (ਪੂਰੀਆਂ ਕਰ ਦਿਤੀਆਂ ਹਨ, ਕੋਈ ਹੋਰ ਲੋੜ ਰਹੀ ਨਹੀ। ਮੈਨੂੰ ਸਬਰ ਆ ਗਿਆ ਹੈ)।

His True Name is my support, and it has removed my all other hungers (Desires have got fulfilled, appeased, I am contented. No more any doubts).

ਕਰਿ ਸਾਂਤਿ ਸੁਖ ਮਨਿ ਆਇ ਵਸਿਆ ਜਿਨਿ ਇਛਾ ਸਭਿ ਪੁਜਾਈਆ ॥

kar saa$^{N}$t sukh man aa-ay vasi-aa jin ichhaa sabh pujaa-ee-aa.

ਮਨ ਦੇ ਅੰਦਰ ਆ ਕੇ ਵਾਹਿਗੁਰੂ ਦੇ ਨਾਮ ਨੇ ਸੁਖ-ਸ਼ਾਂਤੀ ਪੈਦਾ ਕਰ ਦਿੱਤੇ ਹਨ, ਅਤੇ ਇਸ ਨਾਮ ਨੇ ਸਾਰੀਆਂ ਇੱਛਾਵਾਂ ਪੂਰੀਆਂ ਕਰ ਦਿੱਤੀਆਂ ਹਨ।

The Name of God has brought peace and calm to my mind, and it has fulfilled all my desires.

ਸਦਾ ਕੁਰਬਾਣੁ ਕੀਤਾ ਗੁਰੂ ਵਿਟਹੁ ਜਿਸ ਦੀਆ ਏਹਿ ਵਡਿਆਈਆ ॥

sadaa kurbaan keetaa guroo vitahu jis dee-aa ayhi vadi-aa-ee-aa.

ਮੈਂ ਕੁਰਬਾਨ ਹਾਂ ਅਜਿਹੇ ਗੁਰੂ ਤੋਂ ਕਿ ਜਿਸਦੀਆਂ ਅਜਿਹੀਆਂ ਵਡਿਆਈਆਂ: ਸਿਫ਼ਤਾਂ, ਹਨ (ਨਾਮ ਬਖਸ਼ਦਾ, ਸਭ ਇੱਛਾਵਾਂ ਮਿਟਾਉਂਦਾ ਤੇ ਪੂਰੀਆਂ ਕਰਦਾ, ਸੁਖ-ਸ਼ਾਂਤੀ ਅਤੇ ਸਬਰ ਦਿੰਦਾ ਹੈ)।

I appreciate such a Guru, who possesses such great qualities (Gives His Name to recite and peace of mind, removes or fulfills all desires, gives contentment).

ਕਹੈ ਨਾਨਕੁ ਸੁਣਹੁ ਸੰਤਹੁ ਸਬਦਿ ਧਰਹੁ ਪਿਆਰੋ ॥

kahai naanak sunhu santahu sabad Dharahu pi-aaro.

ਇਸ ਲਈ ਗੁਰੂ ਨਾਨਕ ਜੀ ਕਹਿੰਦੇ ਹਨ, ਕਿ ਸੁਣੋ ਸੰਤੋ (ਗੁਰਮੁਖੋ), ਸ਼ਬਦ: ਗੁਰੂ ਦੇ ਹੁਕਮ, ਦੇ ਨਾਲ ਪਿਆਰ ਰੱਖੋ - ਨਾਮ ਜਪੋ।

Guru Nanak says, O saints: God-Oriented people, listen, love the Shabad: Name of the Lord, remember Him always.

ਸਾਚਾ ਨਾਮੁ ਮੇਰਾ ਆਧਾਰੋ ॥੪॥
saachaa naam mayraa aaDhaaro. ||4||
(ਵਾਹਿਗੁਰੂ ਦਾ) ਸੱਚਾ ਨਾਮ ਮੇਰਾ ਆਸਰਾ ਹੈ!
The True Name (of God) is my support! ||4||

ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ॥
vaajay panch sabad tit ghar sabhaagai.
ਉਸ ਭਾਗਾਂ ਵਾਲੇ ਘਰ ਵਿਚ (ਮਨ, ਜਿੱਥੇ ਨਾਮ ਜਪੀਦਾ ਹੈ) ਪੰਚ-ਸ਼ਬਦ ਦੀ ਆਵਾਜ਼ ਚੱਲ ਪੈਂਦੀ ਹੈ: ਭਾਵ ਖੁਸ਼ੀਆਂ ਆ ਜਾਂਦੀਆਂ ਹਨ।
ਪੰਚ ਸ਼ਬਦ - ਤੂਤੀ, ਸਾਰੰਗੀ, ਢੋਲ, ਘੜਾ, ਘੜਿਆਲ ਦੀਆਂ ਆਵਾਜ਼ਾਂ।
In such a house (mind, where the Name of God is recited) the Panch-Shabad (five types of sounds) set in i.e. there comes the joy.
“Five-Sounds” are also called “Anhad Shabad” or “Anhat Shabad.” These sounds are of the 1. String instrument like violin, Sarangee 2. Leather bound instrument e.g. drum. 3. Metal instruments e.g. a gong, bell. 4. Instrument played by blowing in it, such as a flute or trumpet. 5. The sound from space like striking an empty earthen-pot, or from sea or conch put to ear.

ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ ॥
ghar sabhaagai sabad vaajay kalaa jit ghar Dhaaree-aa.
(ਇਹ) ਸ਼ਬਦ: ਪੰਚ-ਸ਼ਬਦ, ਉਸ ਭਾਗਾਂ ਵਾਲੇ ਘਰ: ਮਨ ਵਿਚ, ਵੱਜਦੇ ਹਨ (ਖੁਸ਼ੀਆਂ ਆਉਂਦੀਆਂ ਹਨ) ਕਿ ਜਿਸ ਉੱਤੇ ਵਾਹਿਗੁਰੂ ਦੀ ਕਿਰਪਾ ਹੋ ਜਾਂਦੀ ਹੈ।
These instruments play (Joy comes) in that lucky house (Mind) to which God is kind.

ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ ॥
panch doot tuDh vas keetay kaal kantak maari-aa.
(ਵਾਹਿਗੁਰੂ ਜੀ, ਜੋ ਮਨ ਨਾਮ ਜਪਦਾ ਹੈ, ਇਹਦੇ) ਪੰਜ ਦੁਸ਼ਮਣ ਤੁਸੀਂ ਵੱਸ ਕਰ, ਮੌਤ ਦਾ ਕੰਟਕੁ: ਕੰਡਾ, ਡਰ, ਦੂਰ ਕਰ ਦਿੰਦੇ ਹੋ।
ਪੰਚ ਦੂਤ, ਪੰਜ ਦੁਸ਼ਮਣ - ਕਾਮ: ਕਾਮਨਾਵਾਂ, ਇਛਾਵਾਂ, ਲਿੰਗ-ਚੇਸ਼ਟਾ (ਇਸਤਰੀ-ਪੁਰਸ਼ ਸਨਬੰਧ); ਕਰੋਧ; ਲੋਭ; ਮੋਹ; ਅਹੰਕਾਰ।
(God, he who recites Your Name,) You get his five enemies under control, and remove his fear of death – death does not go near him.
Five enemies – Desires, including passion; sex; anger; greed; attachment, love; and ego.

ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ ॥
Dhur karam paa-i-aa tuDh jin ka-o se naam har kai laagay.
ਜਿਨ੍ਹਾਂ ਦੇ ਲੇਖਾਂ ਵਿਚ ਤੂੰ ਆਪਣੇ ਦਰਵਾਜ਼ੇ: ਘਰੋਂ, ਵਾਹਿਗੁਰੂ-ਯਾਦ ਆਪ ਪਾ ਦਿੱਤੀ ਹੈ, ਉਹ ਹੀ ਨਾਮ ਦਾ ਜਾਪ

ਕਰਨ ਨੂੰ ਲੱਗਦੇ ਹਨ।

Only those whom you bless with the destiny to remember God, recite Your Name.

ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ ॥੫॥

kahai naanak tah sukh ho-aa tit ghar anhad vaajay. ||5||

ਗੁਰੂ ਨਾਨਕ ਜੀ ਕਹਿੰਦੇ ਹਨ ਕਿ ਅਜਿਹੀ ਥਾਂ ਤੇ, ਭਾਵ ਜੋ ਰੱਬ ਨੂੰ ਯਾਦ ਕਰਦਾ ਹੈ ਉਸ ਮਨ ਦੇ ਅੰਦਰ, ਸੁਖ ਹੋ ਜਾਂਦਾ ਹੈ, ਅਤੇ ਉੱਥੇ ਅਨਹਦ-ਵਾਜੇ ਵਜਣ ਲੱਗ ਪੈਂਦੇ ਹਨ।

ਅਨਹਦ ਵਾਜੇ - ਅਨਹਦ-ਵਾਜੇ ਵੱਜ ਪੈਂਦੇ ਹਨ, ਅਨਹਦ ਵੱਜਣ ਲੱਗ ਜਾਂਦਾ ਹੈ। ਅਨਹਦ - ਰੱਬੀ ਆਵਾਜ਼, ਬਿਨਾ ਕਾਰਣ ਪੈਦਾ ਹੋਣ ਵਾਲੀਆਂ ਆਵਾਜ਼ਾਂ, ਲਗਾਤਾਰ ਆਵਾਜ਼, ਖੁਸ਼ੀਆਂ। ਅਨਹਦ ਨੂੰ "ਪੰਚ-ਸ਼ਬਦ" ਵੀ ਕਹਿੰਦੇ ਹਨ। ਅਨਹਦ ਤੋਂ ਭਾਵ ਗੁਰਬਾਣੀ ਅਤੇ ਰੱਬ ਦਾ ਨਾਮ-ਜਾਪ ਵੀ ਹੈ।

Guru Nanak says, at such a place – the mind that remembers God, peace and calm reside, and Anhad (Celestial Sound) come to play.||5||

Anhad - A sound without any cause e.g. striking, a continuous sound. This is also called "Panch-Shabad" (Five sounds) like that of 1. Stringed instruments: Sarangee, Veenaa etc. 2. Instruments played by blowing in air: flute, trumpet. 3. Leather bound instruments: drums. 4. Instruments of metal: gong, bell. 5. Sound from space: from an empty pot, sea. Anhad may mean the continuous recitation of the Name of God and reading the scriptures.

ਸਾਚੀ ਲਿਵੈ ਬਿਨੁ ਦੇਹ ਨਿਮਾਣੀ ॥

saachee livai bin dayh nimaanee.

ਸ਼ੱਚੀ ਲਿਵ - ਵਾਹਿਗੁਰੂ ਦੇ ਪਿਆਰ, ਬਾਝੋਂ ਇਹ ਸਰੀਰ (ਮਨੁਖ) ਬੇਆਸਰਾ ਹੈ।

Without the TrueLove - Devotion to God, this body (Man) is without any worth.

ਦੇਹ ਨਿਮਾਣੀ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ ॥

dayh nimaanee livai baajhahu ki-aa karay vaychaaree-aa.

ਇਹ ਦੇਹੀ ਬੇਆਸਰਾ ਹੈ ਸੱਚੇ ਦੇ ਪਿਆਰ ਬਾਝੋਂ, ਅਤੇ ਇਸ ਬਿਨਾ ਇਹ ਵਿਚਾਰੀ ਕੀ ਕਰੇ (ਕਿਸੇ ਕੰਮ ਜੋਗੀ ਨਹੀ)?

The body (Man) is helpless without the True Love of God, and without it this is helpless.

ਤੁਧੁ ਬਾਝੁ ਸਮਰਥ ਕੋਇ ਨਾਹੀ ਕ੍ਰਿਪਾ ਕਰਿ ਬਨਵਾਰੀਆ ॥

tuDh baajh samrath ko-ay naahee kirpaa kar banvaaree-aa.

ਤੁਹਾਡੇ ਬਿਨਾ ਕੋਈ ਵੀ ਕੁਝ ਨਹੀ ਕਰ ਸਕਦਾ, ਹੇ ਵਾਹਿਗੁਰੂ ਜੀ ਤੁਸੀਂ ਆਪ ਹੀ ਇਸ ਤੇ ਕਿਰਪਾ ਕਰੋ (ਇਹਨੂੰ ਨਾਮ ਜਾਪ, ਪਾਠ, ਕਰਣ ਜੋਗਾ ਬਣਾਉ)।

ਬਨਵਾਰੀ - ਜੰਗਲ ਨੂੰ ਮਾਲਾ ਦੇ ਵਾਂਙ ਗਲ ਪਾ ਲੈਣ ਵਾਲਾ ਦੇਵਤਾ ਵਿਸ਼ਨੂ। ਬਨ ਦਾ ਮਾਲੀ - ਭਾਵ ਹੈ ਵਾਹਿਗੁਰੂ।

Without You no one can do anything, O Lord, be kind to him (Enable him to

recite the Scriptures and chant Your Name).
(Banvaaree-aa: O Banvaaree – A god named Vishnu who puts the forests around his neck like a necklace, Caretaker of the Forests: Gardner, It means the Lord).

ਏਸ ਨਉ ਹੋਰੁ ਥਾਉ ਨਾਹੀ ਸਬਦਿ ਲਾਗਿ ਸਵਾਰੀਆ ॥
ays na-o hor thaa-o naahee sabad laag savaaree-aa.
(ਤੁਹਾਡੇ ਬਾਝੋਂ) ਇਹਨੂੰ ਹੋਰ ਕੋਈ ਥਾਂ ਨਹੀ ਕਿ ਜਿੱਥੇ ਜਾ ਕੇ ਆਪਣੇ ਬਚਾਉ ਲਈ ਬੇਨਤੀ ਕਰੇ, ਤੁਸੀਂ ਹੀ ਕਿਰਪਾ ਕਰੋ, ਇਹਨੂੰ ਸ਼ਬਦ ਦੇ ਲੜ ਲਾਕੇ: ਇਸ ਤੋਂ ਨਾਮ ਜਾਪ ਕਰਵਾ ਕੇ, ਬਚਾ ਲਉ।
For him there is no other place except You (For the man to go and pray to get saved), please attach him to Your Word - that he starts reciting Your Name, and save him.

ਕਹੈ ਨਾਨਕੁ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ ॥੬॥
kahai naanak livai baajhahu ki-aa karay vaychaaree-aa. ||6||
ਗੁਰੂ ਨਾਨਕ ਜੀ ਕਹਿੰਦੇ ਹਨ ਕਿ ਬਿਨਾ ਸੱਚੀ ਲਿਵ (ਰੱਬ ਦੇ ਪਿਆਰ) ਦੇ, ਇਹ ਮਨੁਖ ਕਾਸੇ ਜੋਗਾ, ਕਸੇ ਕੰਮ ਦਾ, ਨਹੀ।
Says Nanak, without deep attachment to God, this poor fellow is worth nothing. ||6||

ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ ॥
aanand aanand sabh ko kahai aanand guroo tay jaani-aa.
ਹਰ ਕੋਈ (ਗੱਲੀਂ ਬਾਤੀਂ ਹੀ) ਆਨੰਦ: ਖੁਸ਼ੀ, ਦੀ ਗੱਲ ਕਰਦਾ ਹੈ, ਭਰ ਅਸਲ ਵਿਚ ਆਨੰਦ (ਆਤਮਿਕ ਖੁਸ਼ੀ) ਹੈ ਕੀ ਇਸਦਾ ਪਤਾ ਗੁਰੂ ਮਹਾਰਾਜ ਤੋਂ ਹੀ – ਇਹਨਾ ਦੀ ਕਿਰਪਾ ਦੇ ਨਾਲ, ਲੱਗਦਾ ਹੈ।
Everyone talks of Joy (Bliss), but what the real bliss (Spiritual Joy) is, is known only from The Guru (By his Grace).

ਜਾਣਿਆ ਆਨੰਦੁ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ ॥
jaani-aa aanand sadaa gur tay kirpaa karay pi-aari-aa.
ਇਸ ਆਨੰਦ ਬਾਰੇ ਕਿ ਇਹ ਹੈ ਕੀ, ਹਮੇਸ਼ਾ ਗੁਰੂ ਮਹਾਰਾਜ ਤੋਂ ਹੀ ਜਾਣਿਆ ਜਾਂਦਾ ਹੈ, ਅਤੇ ਉਹ ਆਪ ਹੀ ਇਹ ਕਿਰਪਾ ਕਰ ਦੇਣ।
This bliss is known only from the Guru (The Master) and may he be Kind to give this knowledge.

ਕਰਿ ਕਿਰਪਾ ਕਿਲਵਿਖ ਕਟੇ ਗਿਆਨ ਅੰਜਨੁ ਸਾਰਿਆ ॥
kar kirpaa kilvikh katay gi-aan anjan saari-aa.
(ਗੁਰੂ ਮਹਾਰਾਜ ਨੇ) ਕਿਰਪਾ ਕਰਕੇ ਕਿਲਵਿਖ: ਪਾਪ – ਦੁਖ–ਰੋਗ, ਕੱਟ ਦਿੱਤੇ ਹਨ, ਗਿਆਨ ਦਾ ਸੁਰਮਾ ਅਖਾਂ ਵਿਚ ਪਾ ਕੇ ਸਭ ਕੁਝ ਠੀਕ ਕਰ ਦਿੱਤਾ ਹੈ।(ਸੱਚਾ ਗਿਆਨ, ਪਰਮਾਤਮਾ ਅਤੇ ਨਾਮ ਦੇ ਬਾਰੇ ਸਮਝਾ ਕੇ ਸਭ ਕੁਝ ਸੰਵਾਰ ਦਿੱਤਾ ਹੈ)।
By His Grace, He has removed the sins - troubles, afflictions, by putting the

Surma: eye-powder, of knowledge, and has set right every thing.

Surma - Colerium, eye-powder of a metal named antimony. This is considered healthy for the eyes. It means, by giving the true knowledge about God and His Name.

ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ ॥

andrahu jin kaa moh tutaa tin kaa sabad sachai savaari-aa.

ਜਿਨ੍ਹਾਂ ਦੇ ਮਨ ਦੇ ਅੰਦਰੋਂ ਮੋਹ: ਸੰਸਾਰ ਦੇ ਪਿਆਰ ਦੀ ਪਕੜ, ਹੱਟ ਗਈ ਹੈ, ਜਾਣੋ ਕਿ ਸੱਚੇ ਸ਼ਬਦ – ਬਾਣੀ, ਨਾਮ–ਜਾਪ, ਨੇ ਉਹਨਾ ਨੂੰ ਸੰਵਾਰ–ਸ਼ੰਗਾਰ ਦਿੱਤਾ ਹੈ (ਮਨ ਤੇ ਆਤਮਾ ਸੁਧਾਰ ਦਿੱਤੇ ਹਨ)।

Those who removed worldly attachments from their minds, in fact they got evolved: lifted, by reciting the Shabad (The Word: Name of God, Scriptures).

ਕਹੈ ਨਾਨਕੁ ਏਹੁ ਅਨੰਦੁ ਹੈ ਆਨੰਦੁ ਗੁਰ ਤੇ ਜਾਣਿਆ ॥੭॥

kahai naanak ayhu anand hai aanand gur tay jaani-aa. ||7||

ਗੁਰੂ ਨਾਨਕ ਜੀ ਕਹਿੰਦੇ ਹਨ ਕਿ ਅਸਲ ਅਨੰਦ – ਆਤਮਿਕ ਖੁਸ਼ੀ, ਇਹ ਹੀ ਹੈ ਕਿ ਜੋ (ਜਿਸ ਦਾ ਗਿਆਨ) ਗੁਰੂ ਮਹਾਰਾਜ ਤੋਂ ਮਿਲਦਾ ਹੈ।

Says Nanak, the real spiritual bliss is that knowledge which is got from the Guru (Prophet). ||7||

ਬਾਬਾ ਜਿਸੁ ਤੂ ਦੇਹਿ ਸੋਈ ਜਨੁ ਪਾਵੈ ॥

baabaa jisu too dehe so-ee janu paavai.

ਹੇ ਬਾਬਾ ਜੀ (ਪਰਮਾਤਮਾ, ਗੁਰੂ), ਜਿਸ ਨੂੰ ਕਿਰਪਾ ਕਰਕੇ ਤੁਸੀਂ ਇਹ ਆਤਮਿਕ ਅਨੰਦ ਦਿੰਦੇ ਹੋ, ਉਹਨੂੰ ਹੀ ਇਹ ਮਿਲਦਾ ਹੈ।

O Baba (The revered one: God, Guru), he alone gets this: Spiritual joy, to whom You give it.

ਪਾਵੈ ਤ ਸੋ ਜਨੁ ਦੇਹਿ ਜਿਸ ਨੋ ਹੋਰਿ ਕਿਆ ਕਰਹਿ ਵੇਚਾਰਿਆ ॥

paavai ta so janu dehe jis no hor-e ki-aa karahi vaychaari-aa.

ਉਹ ਹੀ ਪਾਉਂਦਾ ਹੈ ਇਹ – ਆਤਮਿਕ ਅਨੰਦ, ਕਿ ਜਿਸ ਨੂੰ ਤੁਸੀਂ ਕਿਰਪਾ ਕਰਕੇ ਦਿੰਦੇ ਹੋ, ਬਾਕੀ ਦੇ ਵਿਚਾਰੇ ਕੀ ਕਰ ਸਕਦੇ ਹਨ (ਬੇਵੱਸ ਹਨ, ਕੁਝ ਨਹੀ ਕਰ ਜਾਂ ਲੈ ਸਕਦੇ)।

Only those get this - Spiritual Joy, to whom You give it through Your Mercy, what can the others do (They can't do or get anything)!

ਇਕਿ ਭਰਮਿ ਭੂਲੇ ਫਿਰਹਿ ਦਹ ਦਿਸਿ ਇਕਿ ਨਾਮਿ ਲਾਗਿ ਸਵਾਰਿਆ ॥

ik bharam bhoolay phirhe dah dis ik naam laag savaari-aa.

ਇਕਨਾ ਨੂੰ ਤੁਹਾਡੇ ਤੇ ਵਿਸ਼ਵਾਸ ਨਹੀ ਬੱਝਦਾ ਤੇ ਉਹ ਦਸੀਂ ਪਾਸੀਂ – ਥਾਂ ਥਾਂ ਤੇ ਜਾ ਜਾ ਕੇ, ਭਟਕਦੇ ਫਿਰਦੇ ਹਨ: ਸੁਖ–ਸ਼ਾਂਤੀ ਨਹੀ ਮਿਲਦੀ, ਅਤੇ ਦੂਸਰੇ ਉਹ ਹਨ ਜਿਨ੍ਹਾਂ ਨੂੰ ਤੁਸੀਂ ਨਾਮ–ਬਾਣੀ ਦੇ ਨਾਲ ਲੱਗ ਜਾਣ ਦੇ ਕਾਰਣ ਸੰਵਾਰ – ਗੁਰਮੁਖ, ਬਣਾ ਦਿੱਤਾ ਹੈ।

Some have doubts about Your existence, and they keep running about in all the

directions - go to place to place and person to person, but do not find peace of mind, others who by Your Grace attach themselves to the Naam, get elevated: uplifted, evolved.

ਗੁਰ ਪਰਸਾਦੀ ਮਨੁ ਭਇਆ ਨਿਰਮਲੁ ਜਿਨਾ ਭਾਣਾ ਭਾਵਏ ॥
gur parsaadee man bha-i-aa nirmal jinaa bhaanaa bhaav-ay.
ਗੁਰੂ ਮਹਾਰਾਜ ਦੀ ਕਿਰਪਾ ਦੇ ਨਾਲ ਉਹਨਾ ਦਾ ਮਨ ਪਵਿੱਤਰ ਹੋ ਜਾਂਦਾ ਹੈ ਕਿ ਜੋ ਰੱਬ ਦੀ ਰਜ਼ਾ ਮੰਨਣ ਲੱਗ ਪੈਂਦੇ ਹਨ।
By the Grace of the Guru, the minds of those become pure who accept the Will of God.

ਕਹੈ ਨਾਨਕੁ ਜਿਸੁ ਦੇਹਿ ਪਿਆਰੇ ਸੋਈ ਜਨੁ ਪਾਵਏ ॥੮॥
kahai naanak jis deh pi-aaray so-ee jan paav-ay. ||8||
ਨਾਨਕ ਜੀ ਕਹਿੰਦੇ ਹਨ ਕਿ ਹੇ ਪਿਆਰੇ (ਵਾਹਿਗੁਰੂ ਜੀ) ਜਿਸ ਨੂੰ ਤੁਸੀਂ ਆਤਮਿਕ ਅਨੰਦ ਬਖਸ਼ਦੇ ਹੋ, ਉਹ ਹੀ ਇਹ ਪਾਉਂਦਾ ਹੈ (ਹੋਰ ਕੋਈ ਆਪਣੇ ਆਪ ਹੀ ਨਹੀ ਪਾ ਸਕਦਾ)।
Says Nanak, O Beloved Lord, only he gets it – the Spiritual Joy, to whom You give it. ||8||

ਆਵਹੁ ਸੰਤ ਪਿਆਰਿਹੋ ਅਕਥ ਕੀ ਕਰਹ ਕਹਾਣੀ ॥
aavhu sant pi-aariho akath kee karah kahaanee.
ਆਉ ਪਿਆਰੇ ਸੰਤੋ: ਗੁਰਮੁਖੋ, ਕਿ ਜੋ ਦਸੱਣ ਕਹਿਣ ਤੋਂ ਉੱਪਰ ਹੈ (ਵਾਹਿਗੁਰੂ) ਉਹਦੀਆਂ ਗੱਲਾਂ: ਕਥਾ, ਭਜਨ, ਕਰੀਏ।
Come, beloved saints, let us talk about: meditate on, the Indescribable (The Lord).

ਕਰਹ ਕਹਾਣੀ ਅਕਥ ਕੇਰੀ ਕਿਤੁ ਦੁਆਰੈ ਪਾਈਐ ॥
karah kahaanee akath kayree kit du-aarai paa-ee-ai.
ਨਾਹ ਬਿਆਨ ਕੀਤੇ ਜਾ ਸਕਣ ਵਾਲੇ (ਵਾਹਿਗੁਰੂ) ਬਾਰੇ ਇਹ ਗੱਲਾਂ ਕਰੀਏ: ਸੋਚੀਏ, ਵੀਚਾਰੀਏ, ਕਥਾ ਕਰੀਏ, ਕਿ ਇਹ ਕਿਸ ਦਰਵਾਜ਼ੇ ਤੋਂ (ਕਿੱਥੋਂ, ਕਿੱਦਾਂ, ਕਿਸ ਤੋਂ) ਪਾਇਆ ਜਾ ਸਕਦਾ ਹੈ।
Let us think about the Indescribable (God) as to how can we meet: achieve, understand, Him.

ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥
tanu mannu Dhanu sabh saupe gur ka-o hukame mani-ai paa-ee-ai.
ਜੇ ਕਰ ਤਨ, ਮਨ, ਧਨ, ਗੁਰੂ ਜੀ ਨੂੰ ਸੌਂਪ ਦਈਏ, ਅਤੇ ਉਹਦਾ ਹੁਕਮ ਮੰਨੀਏ, ਤਾਂ ਪਰਮਾਤਮਾ ਜੀ ਮਿਲਦੇ ਹਨ।
We get God by surrendering our body, mind, and wealth to Guru (Prophet) ), and by accepting what he tells to do.

ਹੁਕਮੁ ਮੰਨਿਹੁ ਗੁਰੂ ਕੇਰਾ ਗਾਵਹੁ ਸਚੀ ਬਾਣੀ ॥
hukam mannihu guroo kayraa gaavhu sachee banee.
ਗੁਰੂ ਦਾ ਹੁਕਮ ਮੰਨੋ, ਅਤੇ ਸੱਚੀ ਬਾਣੀ ਗਾਵੋ (ਉਹਨੂ ਮਿਲਣ ਵਾਸਤੇ)।
(To meet Him) obey the Command of the Guru - do what he dictates in the Scriptures, and sing the True Bani: Hymns, of His praise.

ਕਹੈ ਨਾਨਕੁ ਸੁਣਹੁ ਸੰਤਹੁ ਕਥਿਹੁ ਅਕਥ ਕਹਾਣੀ ॥੯॥
kahai naanak sunhu santa-hu kathihu akath kahaanee. ||9||
ਗੁਰੂ ਨਾਨਕ ਜੀ ਕਹਿੰਦੇ ਹਨ, ਸੰਤੋ: ਗੁਰਮੁਖੋ, ਉਹਨੂੰ ਮਿਲਣ ਲਈ ਨਾਹ ਦੱਸੇ ਜਾ ਸਕਣ ਵਾਲੇ (ਪਰਮਾਤਮਾ) ਦੇ ਗੁਣ ਗਾਉ – ਕਥਾ ਕਰੋ, ਬਾਣੀ ਪੜ੍ਹੋ, ਨਾਮ ਜਪੋ।
Says Nanak, listen dear saints: God–oriented people, to meet Him speak of (Recite His Name, remember) the Indescribable: God. ||9||

ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ ॥
ay man chanchlaa chaturaa-ee kinai na paa-i-aa.
ਮੇਰੇ ਬੇਚੈਨ (ਨਿਚੱਵੇ, ਚੁਲਬੁਲੇ) ਮਨ, ਕੋਈ ਵੀ ਰੱਬ ਨੂੰ ਚੁਸਤੀਆਂ ਚਲਾਕੀਆਂ ਦੇ ਨਾਲ ਨਹੀ ਮਿਲ ਸਕਦਾ।
O restless mind, no one ever finds: realizes, the Lord through cleverness, smartness.

ਚਤੁਰਾਈ ਨ ਪਾਇਆ ਕਿਨੈ ਤੂ ਸੁਣਿ ਮੰਨ ਮੇਰਿਆ ॥
chaturaa-ee na paa-i-aa kinai too sun man mayri-aa.
ਚਲਾਕੀ ਦੇ ਨਾਲ ਕੋਈ ਵੀ (ਰੱਬ ਨੂੰ) ਨਹੀ ਮਿਲ ਸਕਦਾ, ਮੇਰੇ ਮਨਾ ਤੂੰ ਇਹ ਗੱਲ ਸੁਣ ਸਮਝ ਲੈ!
Through cleverness, no one can ever meet Him, O my mind listen to it!

ਏਹ ਮਾਇਆ ਮੋਹਣੀ ਜਿਨਿ ਏਤੁ ਭਰਮਿ ਭੁਲਾਇਆ ॥
ayh maa-i-aa mohnee jin ayt bharam bhulaa-i-aa.
ਇਹ ਮਾਇਆ: ਦੁਨੀਆ, ਏਨੀ ਸੋਹਣੀ ਤੇ ਮੋਹ ਲੈਣ ਵਾਲੀ ਹੈ ਕਿ ਲੋਕਾਂ ਨੂੰ ਪਰਮਾਤਮਾ ਦੀ ਹੋਂਦ ਵੱਲੋਂ ਭੁਲੇਖੇ ਵਿਚ ਪਾ ਦਿੰਦੀ ਹੈ (ਵਾਹਿਗੁਰੂ ਹੈ ਵੀ ਕਿ ਨਹੀ, ਦੁਨੀਆ ਦਾ ਸਭ ਕੁਝ ਤਾਂ ਸਾਹਮਣੇ ਦਿਸਦਾ ਹੈ)।
This Maya: worldly things, is so attractive that it puts the people in doubt (God is or not, but the world we see fine – is visible).

ਮਾਇਆ ਤ ਮੋਹਣੀ ਤਿਨੈ ਕੀਤੀ ਜਿਨਿ ਠਗਉਲੀ ਪਾਈਆ ॥
maa-i-aa ta mohnee tinai keetee jin thag-ulee paa-ee-aa.
ਇਸ ਮਾਇਆ ਨੂੰ ਭਰਮਾ ਦੇਣ ਵਾਲਾ ਪਰਮਾਤਮਾ ਨੇ ਆਪ ਹੀ ਕੀਤਾ ਹੈ, ਇਹਦੇ ਵਿਚ ਠੱਗ–ਬੂਟੀ ਪਾ ਕੇ ( ਦੁਨੀਆ ਮਨਮੋਹਣੀ ਬਣਾ ਕੇ)।

ਠਗਉਲੀ: ਠੱਗ–ਬੂਟੀ – ਬੂਟੀ ਕਿ ਜੋ ਠੱਗ ਲੋਕ ਸੁੰਘਾ ਕੇ ਬੇਹੋਸ਼ ਕਰ ਬੰਦੇ ਨੂੰ ਲੁੱਟ ਲੈਂਦੇ ਹਨ। ਜਗਤ ਨੂੰ ਮਨ ਖਿਚ ਲੈਣ ਵਾਲਾ ਬਣਾ ਕੇ, ਬੰਦੇ ਨੂੰ ਧੋਖੇ ਵਿਚ ਪਾ ਦੇਣ ਵਾਲਾ ਰੱਬ ਨੇ ਆਪ ਹੀ ਬਣਾਇਆ ਹੈ। ਭਰ, ਇਹ ਇਸ ਗੱਲ ਨੂੰ ਸਮਝਦਾ ਨਹੀ ਤੇ ਧੋਖੇ ਵਿਚ ਹੀ ਪਿਆ ਰਹਿੰਦਾ ਹੈ ਕਿ ਰੱਬ ਹੈ ਵੀ ਜਾਂ ਨਹੀ। ਵਾਹਿਗੁਰੂ ਇਮਤਿਹਾਨ ਲੈਂਦਾ ਹੈ ਤਾਂ ਜੋ ਇਹ ਸਮਝ ਜਾਵੇ ਕਿ ਇਹ ਪਰਮਾਤਮਾ ਦੀ ਬਖਸ਼ਿਸ਼ ਦੇ ਬਿਨਾ ਆਪਣੇ ਆਪ ਕੁਝ

ਨਹੀ ਕਰ ਸਕਦਾ, ਇਹ ਇਤਨਾ ਕਮਜ਼ੋਰ ਹੈ।

The Lord Himself made the world fascinating, attractive, by putting a swooning-drug (Intoxication, attraction) in it.

Thagaulee – Intoxicating herb, attraction. God put attraction into the worldly things, and this creates doubts about the existence of God. The Lord puts the man to test for him to understand that he cannot do anything on his own without His Kindness, so weak is he.

ਕੁਰਬਾਣੁ ਕੀਤਾ ਤਿਸੈ ਵਿਟਹੁ ਜਿਨਿ ਮੋਹੁ ਮੀਠਾ ਲਾਇਆ ॥

kurbaan keetaa tisai vitahu jin moh meethaa laa-i-aa.

ਮੈਂ ਕੁਰਬਾਨ ਹਾਂ ਉਹਦੇ ਤੋਂ ਕਿ ਜਿਸ ਨੇਂ ਸੰਸਾਰ ਦਾ ਇਤਨਾ ਮਿੱਠਾ ਪਿਆਰ ਲਾ ਦਿੱਤਾ ਹੈ।

ਐਸੀ ਸਮਝ ਤੋਂ ਬਾਹਰ ਹੈ ਵਾਹਿਗੁਰੂ ਦੀ ਖੇਡ ਕਿ ਕੁਰਬਾਨ, ਵਾਰੀ, ਜਾਵਾਂ ਉਸ ਪ੍ਰਭੂ ਉੱਤੋਂ ਜਿਸ ਨੇ ਲੋਕਾਂ ਦੇ ਮਨਾ ਵਿਚ ਦੁਨੀਆ ਦਾ ਪਿਆਰ ਇਤਨਾ ਮਿੱਠਾ ਕਰ ਦਿੱਤਾ ਹੈ ਕਿ ਇਹ ਸੱਚ ਨਹੀ ਸਮਝਦੇ ਅਤੇ ਰੱਬ ਵੱਲੋਂ ਧੋਖੇ ਵਿਚ ਹੀ ਪਏ ਰਹਿੰਦੇ ਹਨ। ਅਜਬ ਹੈ ਉਹਦੀ ਖੇਡ, ਐਸੀ ਹੈ ਉਹਦੀ ਕਮਾਲ! ਪਰਮਾਤਮਾ ਬੰਦੇ ਦਾ ਇਮਤਹਾਨ ਲੈਂਦਾ ਹੈ ਇਹਨੂੰ ਧੋਖੇ ਦੇ ਵਿਚ ਪਾ ਕੇ, ਕਿ ਇਹ ਕਿਤਨਾ ਕਮਜ਼ੋਰ ਹੈ, ਧੋਖੇ ਵਿਚ ਹੈ, ਅਤੇ ਸਚਾਈ ਨੂੰ ਸਮਝ ਕੇ ਅਸਲੀ ਗਿਆਨ ਲਵੇ ਕਿ ਵਾਹਿਗੁਰੂ ਤੋਂ ਉੱਚਾ ਕੁਝ ਵੀ ਨਹੀ ਤੇ ਉਹ ਹੀ ਸਭ ਕੁਝ ਕਰਨ ਵਾਲਾ ਹੈ।

I appreciate Him, Who has put such a sweet attraction (in the world).

God's play is beyond understanding, and I am a sacrifice: Appreciation, to Him.

(He has created such an attraction for Maya – the worldly things, and has put the people into its sweet attachment. Such a wonderful is His play! The man does not realize it and keeps in doubts about God. God wants the man to learn his weakness, mistake, and to get the real knowledge that nothing is higher to Him, and He is the Doer).

ਕਹੈ ਨਾਨਕੁ ਮਨ ਚੰਚਲ ਚਤੁਰਾਈ ਕਿਨੈ ਨ ਪਾਇਆ ॥੧੦॥

kahai naanak man chanchal chaturaa-ee kinai na paa-i-aa. ||10||

ਨਾਨਕ ਜੀ ਕਹਿੰਦੇ ਹਨ, ਐ ਚੰਚਲ ਮਨ – ਚੈਨ, ਟਿਕਾਉ ਰਹਿਤ ਮਨ, ਤੂੰ ਚਤੁਰਾਈਆਂ ਦੇ ਨਾਲ ਵਾਹਿਗੁਰੂ ਨੂੰ ਪਰਾਪਤ ਨਹੀ ਕਰ ਸਕਦਾ।

ਬੰਦੇ, ਤੂੰ ਸਮਝਦਾ ਹੈਂ ਕਿ ਚਲਾਕੀਆਂ ਦੇ ਨਾਲ ਰੱਬ ਨੂੰ ਪਾ ਲਵੇਂਗਾ, ਭਰ ਤੂੰ ਜਾਣਦਾ ਨਹੀ ਕਿ ਪਰਮਾਤਮਾ ਨੇ ਤੇਰੀ ਮੱਤ ਹੀ ਮਾਰ ਕੇ ਤੈਨੂੰ ਦੁਨੀਆ ਦੇ ਜਾਲ ਵਿਚ ਫਸਾਇਆ ਹੋਇਆ ਹੈ। ਜਾਣ ਲੈ ਕਿ ਵਾਹਿਗੁਰੂ ਸਿਰਫ਼ ਓਹੁਨੂੰ ਯਾਦ ਕਰਨ ਦੇ ਨਾਲ ਹੀ ਮਿਲਦਾ ਹੈ।

Says Nanak, O restless mind, no one can find Him through cleverness.

(You think yourself very smart, but God has so involved you in the world that you have lost all your wisdom, and you do not realize the truth. Understand it, God can be reached – Understood, only by remembering Him. ||10||

ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ ॥
ay man pi-aari-aa too sadaa sach samaalay.
ਹੇ ਪਿਆਰੇ ਮਨਾ, ਤੂੰ ਹਮੇਸ਼ਾ ਹੀ ਸੱਚ: ਜੋ ਸਦਾ ਕਾਇਮ ਹੈ, ਪਰਮਾਤਮਾ, ਦੀ ਸੰਭਾਲ (ਯਾਦ) ਕਰ।
O beloved mind, always take care of: contemplate on, the Truth (God).

ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ ॥
ayhu kutamb too je daykh-daa chalai naahee tayrai naalay.
ਇਹ ਆਪਣਾ ਪਰਵਾਰ ਕਿ ਜੋ ਤੂੰ ਦੇਖਦਾ ਹੈਂ (ਤੇਰੇ ਮਰਣ ਤੇ) ਤੇਰੇ ਨਾਲ ਨਹੀ ਜਾਇਗਾ।
This family which you see, shall not go with you on your death.

ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ ॥
saath tayrai chalai naahee tis naal ki-o chit laa-ee-ai.
ਜਿਸ ਨੇ (ਤੇਰੇ ਮਰਣ ਤੇ) ਤੇਰੇ ਨਾਲ ਨਹੀ ਜਾਣਾ, ਉਹਦੇ ਨਾਲ ਮਨ ਨੂੰ ਕਿਉਂ ਲਾਇਆ ਜਾਵੇ!
The thing that will not go with you on your death, why get attached to that!

ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥
aisaa kamm moolay na keechai jit ant pachhotaa-ee-ai.
ਅਜਿਹਾ ਕੰਮ ਕਦੇ ਨਾ ਕਰੋ (ਸੰਸਾਰ ਦੇ ਨਾਲ ਪਿਆਰ, ਰੱਬ ਨੂੰ ਭੁਲਾਉਣਾ) ਕਿ ਜਿਸ ਕਾਰਨ ਅਖੀਰ ਨੂੰ ਪਛਤਾਉਣਾ ਪਵੇ।
ਅਖੀਰ – ਮਰਣ ਸਮੇ, ਰੱਬ ਦੇ ਦਰਬਾਰ ਵਿਚ ਪੁਛ–ਗਿਛ: ਲੇਖੇ, ਦੇ ਵਕਤ। ਜੀਵੰਦੇ ਰੱਬ ਉੱਤੇ ਵਿਸ਼ਵਾਸ ਨਾ ਬਣਿਆਂ ਤੇ ਭਜਨ ਬੰਦਗੀ ਨਾ ਕੀਤਾ, ਮਰ ਕੇ ਉਹਦੇ ਦਰਬਾਰ ਵਿਚ ਹਾਜ਼ਰ ਹੋ ਪਤਾ ਲੱਗਾ ਕਿ ਵਾਹਿਗੁਰੂ ਤਾਂ ਸਚੀਂ ਹੀ ਹੈ। ਕੀਤੇ ਕਰਮਾਂ ਤੇ ਨਬੇੜਾ ਹੋਣ ਲੱਗਾ ਤਾਂ ਪਛਤਾਵਾ ਹੋਇਆ ਕਿ ਜੀਵੰਦੇ ਜੀ ਪਰਮਾਤਮਾ ਨੂੰ ਯਾਦ ਨਹੀ ਕੀਤਾ ਕਿ ਜਿਸ ਕਾਰਨ ਅੰਤ ਇਹਨੂੰ ਕੋਈ ਸਜ਼ਾ ਨਾ ਮਿਲੇ।
Do not do anything (Love with the worldly things, forgetting God) so that you have to regret in the end.
(End – the time of death, at the time of judgment by God. He did not believe in and remember the Lord when alive. On death, he found himself before God, and started regretting that he did not contemplate on Him to save him from any punishment at the time of judgment).

ਸਤਿਗੁਰੂ ਕਾ ਉਪਦੇਸੁ ਸੁਣਿ ਤੂ ਹੋਵੈ ਤੇਰੈ ਨਾਲੇ ॥
satguroo kaa updays sun too hovai tayrai naalay.
ਤੂੰ ਸ੍ਰੀ ਸਤਿਗੁਰੂ ਜੀ ਦਾ ਉਪਦੇਸ਼ ਸੁਣ – ਬਾਣੀ ਪੜ੍ਹ, ਨਾਮ ਜਪ, ਨੇਕੀ ਕਰ, ਕਿ ਜੋ ਮਰਨ ਬਾਅਦ ਤੇਰਾ ਸਾਥ ਦੇਵੇ (ਮਰਣ ਦੇ ਵਕਤ ਅਤੇ ਰੱਬ ਦੀ ਦਰਗਾਹ ਵਿਚ ਤੇਰੇ ਕੰਮ ਆਵੇ। ਤੇਰੀ ਚੇਤੰਤਾ ਦੇ ਨਾਲ ਮਿਲ ਕੇ ਤੇਰੇ ਨਾਲ ਅੱਗੇ ਜਾਵੇ)।
Listen to the teachings of the True Guru (Be good, recite the Scriptures and His Name) so that these go with you (Go with your consciousness: soul – as the impressions of your deeds, and are helpful at the time of death and judgment by God).

ਕਹੈ ਨਾਨਕੁ ਮਨ ਪਿਆਰੇ ਤੂ ਸਦਾ ਸਚੁ ਸਮਾਲੇ ॥੧੧॥
kahai naanak man pi-aaray too sadaa sach samaalay. ||11||
ਗੁਰੂ ਨਾਨਕ ਜੀ ਕਹਿੰਦੇ ਹਨ, ਪਿਆਰੇ ਮਨਾ ਤੂੰ ਸਦਾ ਹੀ ਸੱਚ (ਵਾਹਿਗੁਰੂ) ਨੂੰ ਸੰਭਾਲ (ਯਾਦ ਕਰ)।
Says Nanak, O beloved mind, always take care of the Truth (Contemplate on: think of, the Lord). ||11||

ਅਗਮ ਅਗੋਚਰਾ ਤੇਰਾ ਅੰਤੁ ਨ ਪਾਇਆ ॥
agam agocharaa tayraa ant na paa-i-aa.
ਹੇ ਪਹੁੰਚ ਤੋਂ ਬਾਹਰ, ਸੂਝ-ਬੂਝ ਤੋਂ ਪਰ੍ਹੇ (ਵਾਹਿਗੁਰੂ), ਕਿਸੇ ਨੇ ਤੇਰਾ ਅੰਤ ਨਹੀ ਪਾਇਆ (ਕਿ ਤੂੰ ਕਿੱਡਾ ਵੱਡਾ, ਅਤੇ ਕਿੰਨੀ ਤਾਕਤ ਵਾਲਾ ਹੈਂ)।
O “Beyond Reach” and “Above Understanding” (God), none could assess Your limits (Your extent, greatness and power).

ਅੰਤੋ ਨ ਪਾਇਆ ਕਿਨੈ ਤੇਰਾ ਆਪਣਾ ਆਪੁ ਤੂ ਜਾਣਹੇ ॥
anto na paa-i-aa kinai tayraa aapnaa aap too jaanhay.
ਕਿਸੇ ਨੇ ਵੀ ਤੇਰਾ ਅੰਤ ਨਹੀ ਪਾਇਆ, ਅਤੇ ਆਪਣੇ ਆਪ ਨੂੰ ਤੂੰ ਆਪ ਹੀ ਜਾਣਦਾ ਹੈਂ।
None can ever find Your limits, and only You know about Yourself.

ਜੀਅ ਜੰਤ ਸਭਿ ਖੇਲੁ ਤੇਰਾ ਕਿਆ ਕੋ ਆਖਿ ਵਖਾਣਏ ॥
jee-a jant sabh khayl tayraa ki-aa ko aakh vakhaana-ay.
ਇਹ ਜੀਵ ਜੰਤ ਤੇਰੀ ਹੀ ਰਚੀ ਮਾਮੂਲੀ ਜਿਹੀ ਖੇਡ ਹੈ, ਇਹ ਵਿਚਾਰੇ ਤੇਰੇ ਬਾਰੇ ਕੀ ਦੱਸ ਸਕਦੇ ਹਨ ਕਿ ਤੂੰ ਕਿੱਡਾ ਮਹਾਨ: ਵੱਡਾ, ਤੇ ਵਿਸ਼ਾਲ: ਹੱਦੋਂ ਪਰ੍ਹੇ ਹੈਂ।
All living beings and creatures created by You, are Your ordinary play, what can they tell about You as to how great and vast you are!

ਆਖਹਿ ਤ ਵੇਖਹਿ ਸਭੁ ਤੂਹੈ ਜਿਨਿ ਜਗਤੁ ਉਪਾਇਆ ॥
aakhahi ta vaykheh sabh toohai jin jagat upaa-i-aa.
(ਜੋ ਤੇਰੇ ਬਾਰੇ ਦਸਦੇ-ਵੇਖਦੇ ਹਨ), ਤੂੰ ਕਿ ਜਿਸਨੇ ਦੁਨੀਆ ਬਣਾਈ ਹੈ ਆਪ ਹੀ ਇਹਨਾ ਵਿਚ ਆਪਣੇ ਬਾਰੇ ਕਹਿਣ ਦੱਸਣ ਵਾਲਾ ਹੈਂ। (ਜੀਵ ਕਿ ਜੋ ਤੂੰ ਰਚੇ ਹਨ, ਇਹਨਾ ਦੀ ਤੇਰੇ ਬਾਰੇ ਦਸ ਸਕਣ ਦੀ ਸ਼ਕਤੀ ਤੂੰ ਆਪ ਹੀ ਹੈਂ)।

ਤੂੰ ਕਿ ਜਿਸ ਨੇ ਜਗਤ ਬਣਾਇਆ ਹੈ, ਇਹਨਾ ਜੀਵਾਂ ਦੀ ਸੰਭਾਲ ਵੀ ਕਰਦਾ ਹੈਂ, ਅਤੇ ਆਪ ਹੀ ਜੀਵਾਂ ਦੇ ਵਿਚ ਬੋਲਦਾ ਤੇ ਉਹਨਾ ਨੂੰ ਤੇਰੇ ਬਾਰੇ ਦਸਣ ਜੋਗਾ ਬਣਾਉਂਦਾ ਹੈਂ।
The world is Your Creation, and in this Creation: the living beings, it is You who enable them to speak of You.
(The Creation by itself has not the power: wisdom enough, to tell anything about You. It is You who take care of the beings and speak: enable them, to tell about You).

ਕਹੈ ਨਾਨਕੁ ਤੂ ਸਦਾ ਅਗੰਮੁ ਹੈ ਤੇਰਾ ਅੰਤੁ ਨ ਪਾਇਆ ॥੧੨॥
kahai naanak too sadaa agamm hai tayraa ant na paa-i-aa. ||12||
ਨਾਨਕ ਜੀ ਕਿਹੰਦੇ ਹਨ, ਵਾਹਿਗੁਰੂ ਜੀ, ਤੁਸੀਂ ਸਦਾ ਹੀ ਪਹੁੰਚ ਅਤੇ ਸਮਝਣ ਤੋਂ ਪਰ੍ਹੇ ਹੋ, ਤੇ ਕਿਸੇ ਨੇ ਤੁਹਾਡਾ ਅੰਤ ਨਹੀ ਪਾਇਆ।
Says Nanak, You had ever been inaccessible: beyond reach, and nobody can understand Your limits - extent and power. ||12||

ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ ॥
sur nar mun jan amrit khojday so amrit gur tay paa-i-aa.
ਦੇਵਤਿਆਂ ਵਰਗੇ ਲੋਕ, ਰਿਸ਼ੀਆਂ ਵਰਗੇ ਜੀਵ, ਅੰਮ੍ਰਿਤ ਲੱਭਦੇ ਹਨ, ਇਹ ਅੰਮ੍ਰਿਤ ਗੁਰੂ ਮਹਾਰਾਜ ਤੋਂ ਮਿਲਦਾ ਹੈ, ਇਹਨਾ ਦੀ ਕਿਰਪਾ ਦੇ ਨਾਲ। (ਅੰਮ੍ਰਿਤ: ਮੌਤ-ਰਹਿਤ ਕਰ ਦੇਣ ਵਾਲਾ, ਵਾਹਿਗੁਰੂ ਦਾ ਨਾਮ)।
The angelic (god like) beings, and the Sages (Saints) like people, search for the Amrit. (Holy Drink), and this is obtained from the Guru, by his grace. (Amrit - Immortality giving Holy Drink: the Name of God),

ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ ਸਚਾ ਮਨਿ ਵਸਾਇਆ ॥
paa-i-aa amrit gur kirpaa keenee sachaa man vasaa-i-aa.
ਗੁਰੂ ਮਹਾਰਾਜ ਨੇ ਕਿਰਪਾ ਕਰਕੇ ਇਹ ਅੰਮ੍ਰਿਤ (ਪਰਮਾਤਮਾ ਦਾ ਨਾਮ) ਬਖਸ਼ਿਆ ਤੇ ਸੱਚੇ ਪਰਮਾਤਮਾ, ਇਹਦੇ ਨਾਮ ਨੂੰ ਮਨ ਦੇ ਅੰਦਰ ਵਸਾ ਦਿੱਤਾ।
This Amrit: the Holy Drink, has been obtained by the grace of the Guru (Prophet), and he has placed the True One: the Lord, His Name, in my mind.

ਜੀਅ ਜੰਤ ਸਭਿ ਤੁਧੁ ਉਪਾਏ ਇਕਿ ਵੇਖਿ ਪਰਸਣਿ ਆਇਆ ॥
jee-a jant sabh tuDh upaa-ay ik vaykh parsan aa-i-aa.
ਇਹ ਸਾਰੇ ਜੀਅ-ਜੰਤ ਤੂੰ ਪੈਦਾ ਕੀਤੇ ਹਨ, ਭਰ ਇਹਨਾ ਚੋਂ ਕੁਝ ਹੀ ਹਨ ਕਿ ਜੋ ਤੇਰੇ ਚਰਨ ਪਰਸਣ: ਮਿਲਣ, ਸ਼ਰਣ ਲੈਣ, ਆਉਂਦੇ ਹਨ।
All living beings: creatures, are Your Creation, but only a few out of them come to bow to You - take Your refuge – recite Your Name.

ਲਬੁ ਲੋਭੁ ਅਹੰਕਾਰੁ ਚੁਕਾ ਸਤਿਗੁਰੁ ਭਲਾ ਭਾਇਆ ॥
lab lobh ahaNkaar chookaa satguroo bhalaa bhaa-i-aa.
(ਜੋ ਸ਼ਰਣ: ਮਿਲਣ ਆਏ, ਉਹਨਾ ਦਾ) ਲਾਲਚ ਤੇ ਹੰਕਾਰ ਮਿਟ ਗਏ, ਅਜਿਹੇ ਚੰਗੇ ਸਤਿਗੁਰੂ ਜੀ ਮਿਲੇ।
ਸਤਿਗੁਰੁ ਭਲਾ ਭਾਇਆ - ਸਤਿਗੁਰੂ ਜੀ ਐਸੇ ਚੰਗੇ ਮਿਲੇ, ਚੰਗੇ ਲੱਗਣ ਲੱਗ ਗਏ, ਪਰੇਮ ਬਣ ਗਿਆ, ਸਤਿਗੁਰੂ ਜੀ ਦੀ ਕਿਰਪਾ ਦੇ ਨਾਲ ਇਹਨਾ ਦਾ ਹੁਕਮ ਮਨ ਕੇ ਨਾਮ ਜਪਣ ਦੇ ਨਾਲ ਬੁਰਾਈਆਂ ਮਿਟ ਗਈਆਂ,।
ਉਹਨਾ ਦਾ ਲੱਬ - ਬੁਲ੍ਹ ਭਾਵ ਮੂੰਹ: ਜ਼ਬਾਨ ਦਾ ਚਸਕਾ, ਵਸਤਾਂ ਦਾ ਲਾਲਚ, ਖਤਮ ਹੋ ਗਏ।
(Those who visited, surrendered to the Satguru: the True Master) their desires, greed, and ego got dispelled: went away, by submitting to him: by following his teachings to recite His Name.

ਕਹੈ ਨਾਨਕੁ ਜਿਸ ਨੋ ਆਪਿ ਤੁਠਾ ਤਿਨਿ ਅੰਮ੍ਰਿਤੁ ਗੁਰ ਤੇ ਪਾਇਆ ॥੧੩॥
kahai naanak jis no aap tuthaa tin amrit gur tay paa-i-aa. ||13||
ਨਾਨਕ ਜੀ ਕਹਿੰਦੇ ਹਨ ਕਿ ਜਿਨ੍ਹਾਂ ਉੱਤੇ ਵਾਹਿਗੁਰੂ ਜੀ ਨੂੰ ਦਿਆ ਆ ਗਈ (ਮਿਹਰਬਾਨ ਹੋ ਗਏ), ਉਹਨਾ ਨੂੰ ਗੁਰੂ ਮਹਾਰਾਜ ਨੇ ਅੰਮ੍ਰਿਤ ਬਖਸ਼ਿਆ। (ਨਾਮ, ਬਾਣੀ ਦੀ ਦਾਤ ਦਿੱਤੀ। ਗੁਰੂ ਉੱਤੇ ਭਰੋਸਾ, ਪਰੇਮ, ਸ਼ਰਧਾ, ਅਤੇ ਲਗਨ ਬਣ ਜਾਣ ਕਾਰਨ ਬਾਣੀ ਅਤੇ ਨਾਮ ਦੇ ਨਾਲ ਜੁੜ ਗਏ)।
Says Nanak, those with whom the Lord is pleased, obtain the Amrit (Holy Drink, His Name to rcite) from the Guru. ||13||

ਭਗਤਾ ਕੀ ਚਾਲ ਨਿਰਾਲੀ ॥
bhagtaa kee chaal niraalee.
ਭਗਤਾਂ ਦਾ ਜੀਵਣ-ਢੰਗ ਹੋਰਾਂ ਤੋਂ ਵੱਖਰਾ ਹੀ ਹੁੰਦਾ ਹੈ।
The lifestyle of the devotees is different from the others.

ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ ॥
chaalaa niraalee bhagtaah kayree bikham maarag chalnaa.
ਭਗਤਾਂ ਦਾ ਜੀਵਨ-ਰਾਹ ਵੱਖਰਾ ਹੁੰਦਾ ਹੈ ਕਿਉਂ ਜੋ ਇਹ ਭਗਤੀ ਦੇ ਔਖੇ ਰਾਹ ਤੇ ਚਲਦੇ ਹਨ।
The lifestyle of devotees' is different as they follow the difficult path of Bhagtee: worship – recitation of His Name.

ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ ॥
lab lobh aha[N]kaar taj tarisnaa bahut naahee bolnaa.
(ਇਹ) ਖਾਣ-ਪੀਣ ਦਾ ਚਸਕਾ, ਲਾਲਚ, ਹੰਕਾਰ ਅਤੇ ਦੁਨੀਆ ਦੀਆਂ ਚੀਜ਼ਾਂ ਦੀ ਭੁਖ ਨੂੰ ਛਡ ਦਿੰਦੇ ਤੇ ਬੋਲਦੇ ਵੀ ਘੱਟ ਹਨ (ਮੰਗਾਂ ਨਹੀ ਮੰਗਦੇ ਰਹਿੰਦੇ। ਬੋਲਦੇ ਨਹੀ ਤੇ ਵਾਹਿਗੁਰੂ ਜਪਣ ਵਿਚ ਜੁੜੇ ਰਹਿੰਦੇ ਹਨ)।
They give up the love of foods: overeating, greed, ego, desires, and do not talk much: stop demanding, keep reciting the Name of God.

ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ ॥
khanni-ahu tikhee vaalahu nikee ayt maarag jaanaa.
ਇਹ ਜਿਸ ਰਾਹ ਤੇ ਚੱਲਦੇ ਹਨ, ਨਾਮ ਜਪਣ ਦਾ, ਉਹ ਖੰਡੇ ਤੋਂ ਤੇਜ਼ ਅਤੇ ਵਾਲ ਤੋਂ ਬਾਰੀਕ: ਬੜਾ ਮੁਸ਼ਕਿਲ, ਹੁੰਦਾ ਹੈ। (ਖੰਨਿਅਹੁ - ਖੰਡੇ: ਦੋਧਾਰੀ ਸਿਧੀ ਤਲਵਾਰ ਦੀ ਧਾਰ ਤੋਂ ਤੇਜ਼)
The path they take is sharper than a Khandaa and finer than a hair i.e. very difficult. (Khandaa - Two-edged straight sword. To worship God is very difficult),

ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ ॥
gur parsaadee jinee aap taji-aa har vaasnaa samaanee.
ਗੁਰੂ ਮਹਾਰਾਜ ਦੀ ਕਿਰਪਾ ਦੇ ਨਾਲ ਜਿਨ੍ਹਾ ਨੇ ਆਪਣਾ ਆਪ ਛੱਡ ਦਿੱਤਾ ਹੈ, ਇਹਨਾ ਦੇ ਵਿਚ ਵਾਹਿਗੁਰੂ ਦੀ ਮਹਿਕ: ਖੁਸ਼ਬੋ, ਰਚ ਗਈ ਹੈ।
ਆਪੁ ਤਜਿਆ - ਜਿਨ੍ਹਾਂ ਨੇ ਆਪਾ-ਭਾਵ ਤਿਆਗ ਦਿੱਤਾ ਹੈ, ਆਪ ਨੂੰ ਦੁਨੀਆ ਵੱਲੋਂ ਮਾਰ ਲਿਆ ਹੈ,

ਨਿਮਰਤਾ ਫੜ ਲਈ ਹੈ, ਗੁਰੂ ਦੀ ਸ਼ਰਨ ਲੈ ਲਈ ਹੈ, ਗੁਰੂ ਦੇ ਭਰੋਸੇ ਹੋ ਗਏ ਹਨ, ਉਹਨਾ ਦੇ ਸਰੀਰ, ਅਤੇ ਮਨ ਦੇ ਵਿਚ ਨਾਮ-ਰੰਗ ਚੜ੍ਹ ਗਿਆ ਹੈ। ਉਹ ਧਿਆਨ ਟਿਕਾ ਕੇ ਨਾਮ ਦਾ ਜਾਪ ਕਰਣ ਲੱਗ ਗਏ ਹਨ।

Those who by the grace of the Guru (Master) have given up dependence on themselves (Surrender to God), His fragrance settles down in their bodies. (His fragrance – Those who become selfless and rely on God, His Name gets set in their bodies: minds. They start reciting His Name with concentration).

ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ ॥੧੪॥

kahai naanak chaal bhagtaa jugahu jug niraalee. ||14||

ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਹਨ, ਕਿ ਭਗਤਾਂ ਦਾ ਚਲਨ ਜੁਗਾਂ ਤੋਂ: ਸਦਾ ਹੀ, ਵੱਖਰਾ ਹੁੰਦਾ ਹੈ।

Says Nanak, the lifestyle of the devotees has been different from the others in all the times: always (The path of devotion is always hard, and worship of God is not easy). ||14||

ਜਿਉ ਤੂ ਚਲਾਇਹਿ ਤਿਵ ਚਲਹ ਸੁਆਮੀ ਹੋਰੁ ਕਿਆ ਜਾਣਾ ਗੁਣ ਤੇਰੇ ॥

ji-o too chalaa-ihi tiv challah su-aamee hor ki-aa jaanaa gun tayray.

ਮੇਰੇ ਮਾਲਿਕ, ਜਿਵੇਂ ਤੂੰ ਸਾਨੂੰ ਚਲਾਉਂਦਾ ਹੈਂ ਅਸੀਂ ਉੱਦਾਂ ਹੀ ਚਲਦੇ ਹਾਂ – ਅਸੀਂ ਤੇਰੇ ਹੁਕਮ ਦੇ ਬੱਧੇ ਹੋਏ ਹਾਂ। ਇਸ ਤੋਂ ਵੱਧ ਤੇਰੇ ਹੋਰ ਗੁਣਾ ਦਾ ਮੈਨੂੰ ਕੁਝ ਪਤਾ ਨਹੀ। (ਤੂੰ ਸਾਨੂੰ ਆਪਣੇ ਨਾਲ ਜੋੜਦਾ ਹੈਂ ਜੇ ਚਾਹੁੰਦਾ ਹੈਂ, ਤੇਰੀਆਂ ਹੋਰ ਸ਼ਕਤੀਆਂ ਦਾ ਮੈਨੂੰ ਕੋਈ ਗਿਆਨ ਨਹੀ)।

My Lord, we act as You desire, and we do not know any other qualities of You – You are All Powerful! (We are under Your Will, we attach ourselves to You if You so desire, we know only that You are All Mighty).

ਜਿਵ ਤੂ ਚਲਾਇਹਿ ਤਿਵੈ ਚਲਹ ਜਿਨਾ ਮਾਰਗਿ ਪਾਵਹੇ ॥

jiv too chalaa-ihi tivai chalah jinaa maarag paavhay.

ਜਿੱਦਾਂ ਤੂੰ ਚਲਾਉਂਦਾ ਹੈਂ ਉੱਦਾਂ ਹੀ ਚੱਲਦੇ ਹਾਂ, ਜਿਸ ਰਾਹ ਤੇ ਤੂੰ ਚਾਹੇਂ ਉਸ ਉੱਤੇ ਤੁਰਦੇ ਹਾਂ (ਨਾਮ ਦੇ ਨਾਲ ਜੋੜੇਂ ਜਾਂ ਨਾਹ, ਇਹ ਤੇਰੀ ਮਰਜ਼ੀ ਹੈ)।

All act under Your Will, and You put them on the path You desire. (You make us to do according to Your Will. You may or may not attach us to You).

ਕਰਿ ਕਿਰਪਾ ਜਿਨ ਨਾਮਿ ਲਾਇਹਿ ਸਿ ਹਰਿ ਹਰਿ ਸਦਾ ਧਿਆਵਹੇ ॥

kar kirpaa jin naam laa-ihi se har har sadaa Dhi-aavhay.

ਆਪਣੀ ਕਿਰਪਾ ਕਰ ਕੇ ਜਿਨ੍ਹਾਂ ਨੂੰ ਨਾਮ ਜਪਣ ਲਾ ਦਿੰਦੇ ਹੋ, ਉਹ ਹਰ ਵਕਤ ਨਾਮ ਦਾ ਜਾਪ ਕਰਦੇ ਰਹਿੰਦੇ ਹਨ। ਹਰਿ ਹਰਿ: ਹਰੀ ਹਰੀ, ਪਰਮਾਤਮਾ ਦਾ ਨਾਮ ਜਪਦੇ ਹਨ।

Those, whom You put to the recitation of Your-Name by Your Kindness, they always keep reciting Your Name (Har-e: Haree, means God, they recite the Name of God).

ਜਿਸ ਨੋ ਕਥਾ ਸੁਣਾਇਹਿ ਆਪਣੀ ਸਿ ਗੁਰਦੁਆਰੈ ਸੁਖੁ ਪਾਵਹੇ ॥
jis no kathaa sunaa-ihi aapnee se gurdu-aarai sukh paavhay.
ਜਿਨ੍ਹਾਂ ਨੂੰ ਆਪਣੇ ਬਾਰੇ ਗਿਆਨ ਦੇ ਦਿੰਦੇ ਹੋ, ਉਹ ਗੁਰੂ ਦੇ ਦੁਆਰੇ: ਗੁਰੂ ਜੀ ਦੇ ਰਾਹੀਂ ਤੇਰੇ ਨਾਲ ਲਿਵ ਲਾ ਕੇ, ਨਾਮ ਜਪ ਕੇ, ਆਤਮਿਕ ਅਤੇ ਦੁਨੀਆਵੀ ਸੁਖ ਵੀ ਪਾ ਲੈਂਦੇ ਹਨ।
Those, whom You give the knowledge about Yourself, they find peace: mental peace, spiritual gains, and worldly comforts as well, at the door of the Guru - by attaching to You through the Guru.

ਕਹੈ ਨਾਨਕੁ ਸਚੇ ਸਾਹਿਬ ਜਿਉ ਭਾਵੈ ਤਿਵੈ ਚਲਾਵਹੇ ॥੧੫॥
kahai naanak sachay saahib ji-o bhaavai tivai chalaavahay. ||15||
ਨਾਨਕ ਜੀ ਕਹਿੰਦੇ ਹਨ, ਹੇ ਮੇਰੇ ਸੱਚੇ ਮਾਲਿਕ (ਵਾਹਿਗੁਰੂ), ਜਿੱਦਾਂ ਤੁਹਾਨੂੰ ਚੰਗਾ ਲੱਗਦਾ ਹੈ ਤੁਸੀਂ ਉੱਦਾਂ ਹੀ ਹੋਰਾਂ ਨੂੰ ਚਲਾਉਂਦੇ ਹੋ: ਨਾਮ ਦੇ ਨਾਲ ਜੋੜਦੇ ਹੋ ਜਾਂ ਨਹੀ, ਇਹ ਤੁਹਾਡੀ ਖੁਸ਼ੀ ਹੈ।
Says Nanak, O my True Lord, you make us act according to Your Will: You may attach us to Your Name or not. ||15||

ਏਹੁ ਸੋਹਿਲਾ ਸਬਦੁ ਸੁਹਾਵਾ ॥
ayhu sohilaa sabad suhaavaa.
ਇਹ ਖੁਸ਼ੀਆਂ ਭਰਿਆ ਸ਼ਬਦ ਬਹੁਤ ਸੋਹਣਾ ਹੈ।
ਸੁਹਾਵਾ ਆਨੰਦ, ਆਤਮਿਕ ਸੁਖ ਦੇਣ ਵਾਲਾ, ਰੱਬ ਦੇ ਨਾਲ ਜੋੜਨ ਵਾਲਾ ਹੈ। ਸੋਹਿਲਾ: ਖੁਸ਼ੀਆਂ ਭਰਿਆ ਗੀਤ।
This Sohila i.e. the Shabad (Hymn), is beautiful: enchanting, it attaches to God. (Sohila - the song of Joy).

ਸਬਦੋ ਸੁਹਾਵਾ ਸਦਾ ਸੋਹਿਲਾ ਸਤਿਗੁਰੂ ਸੁਣਾਇਆ ॥
sabdo suhaavaa sadaa sohilaa satguroo sunaa-i-aa.
ਗੁਰੂ ਜੀ ਦਾ ਸੁਣਾਇਆ ਹੋਇਆ ਇਹ ਖੁਸ਼ੀਆਂ ਦੇਣ ਵਾਲਾ ਸ਼ਬਦ ਹਮੇਸ਼ਾ ਹੀ ਬੜਾ ਚੰਗਾ ਲੱਗਦਾ ਹੈ।
ਇਹ ਸ਼ਬਦ, ਗੁਰੂ ਜੀ ਦਾ ਉਚਾਰਿਆ ਹੋਇਆ, ਗੁਰੂ ਦੇ ਰਾਹ ਪਾਉਣ ਵਾਲਾ, ਸਤਿਗੁਰੂ ਜੀ ਦਾ ਉਪਦੇਸ਼ ਹੈ।
This is ever joy-giving beautiful Hymn, and we hear it from the True Guru. (This is the composition revealed by the Master: Prophet, God, and it puts us on the path to Him).

ਏਹੁ ਤਿਨ ਕੈ ਮੰਨਿ ਵਸਿਆ ਜਿਨ ਧੁਰਹੁ ਲਿਖਿਆ ਆਇਆ ॥
ayhu tin kai manne vasi-aa jin Dhurahu likhi-aa aa-i-aa.
ਇਹ ਸ਼ਬਦ ਉਹਨਾਂ ਦੇ ਮਨ ਵਿਚ ਵਸ ਜਾਂਦਾ ਹੈ ਕਿ ਜਿਨ੍ਹਾਂ ਦੇ ਭਾਗਾਂ ਵਿਚ ਵਾਹਿਗੁਰੂ ਨੇ ਲਿਖ ਦਿੱਤਾ ਹੈ।
This Hymn settles - enshrines, in the minds of those who are so blessed by the Lord.

ਇਕਿ ਫਿਰਹਿ ਘਨੇਰੇ ਕਰਹਿ ਗਲਾ ਗਲੀ ਕਿਨੈ ਨ ਪਾਇਆ ॥
ik fireh ghanayray karahi galaa gallee kinai na paa-i-aa.
ਬਥੇਰੇ ਉਹ ਹਨ ਕਿ ਜੋ ਵਾਹਿਗੁਰੂ ਜੀ ਬਾਰੇ ਐਵੇਂ ਮੂੰਹ ਜ਼ਬਾਨੀ ਗੱਲਾਂ ਕਰੀ ਜਾਂਦੇ ਹਨ – ਭਗਤੀ ਦੇ ਰਾਹ ਤੇ ਨਹੀ ਚੱਲਦੇ, ਨਿਰੀਆਂ ਗੱਲਾਂ ਦੇ ਨਾਲ ਕਿਸੇ ਨੂੰ ਵਾਹਿਗੁਰੂ ਨਹੀ ਮਿਲਦਾ।
Some keep on merely talking about God - practically do no worship of Him, and only by talking no one attains: understands, Him.

ਕਹੈ ਨਾਨਕੁ ਸਬਦੁ ਸੋਹਿਲਾ ਸਤਿਗੁਰੂ ਸੁਣਾਇਆ ॥੧੬॥
kahai naanak sabad sohilaa satguroo sunaa-i-aa. ||16||
ਗੁਰੂ ਨਾਨਕ ਜੀ ਕਹਿੰਦੇ ਹਨ ਕਿ ਸਤਿਗੁਰੂ ਜੀ ਨੇ ਇਹ ਖੁਸ਼ੀਆਂ ਭਰਿਆ ਸੋਹਣਾ ਸ਼ਬਦ: ਉਪਦੇਸ਼, ਸੁਣਾਇਆ ਹੈ।
Says Nanak, this Sohila: the Joy-giving Shabad, has been spoken by the True Master (that His worship is the way to meet Him, or it is the revealed Bani: the Hymn directly received by the Guru from God). ||16||

ਪਵਿਤੁ ਹੋਏ ਸੇ ਜਨਾ ਜਿਨੀ ਹਰਿ ਧਿਆਇਆ ॥
pavit ho-ay say janaa jinee har Dhi-aa-i-aa.
ਉਹ ਲੋਕ ਪਵਿੱਤਰ ਹੋ ਗਏ: ਮਨ ਦੇ ਸ਼ੁੱਧ ਹੋ ਗਏ, ਕਿ ਜਿਨ੍ਹਾਂ ਨੇ ਵਾਹਿਗੁਰੂ ਦਾ ਨਾਮ ਜਪਿਆ।
Those persons who recited the Name of God, became pure.

ਹਰਿ ਧਿਆਇਆ ਪਵਿਤੁ ਹੋਏ ਗੁਰਮੁਖਿ ਜਿਨੀ ਧਿਆਇਆ ॥
har Dhi-aa-i-aa pavit ho-ay gurmukh jinee Dhi-aa-i-aa.
ਪਰਮਾਤਮਾ ਦਾ ਨਾਮ ਜਪ ਕੇ ਪਵਿਤੱਰ ਹੋ ਗਏ, ਅਤੇ ਇਹਨਾ ਗੁਰਮੁਖਾਂ ਨੇ ਵਾਹਿਗੁਰੂ ਦਾ ਨਾਮ ਜਪਿਆ।
ਨਾਮ ਜਪ ਕੇ ਉਹ ਲੋਕੀਂ ਪਵਿੱਤਰ ਹੋ ਕੇ ਗੁਰਮੁਖ ਬਣ ਗਏ।
By reciting the Name of God they got purified, and these were the Gurmukhs (Devotees) who recited His Name. (By reciting His Name they became God-Oriented).

ਪਵਿਤੁ ਮਾਤਾ ਪਿਤਾ ਕੁਟੰਬ ਸਹਿਤ ਸਿਉ ਪਵਿਤੁ ਸੰਗਤਿ ਸਬਾਈਆ ॥
pavit maataa pitaa kutamb sahit si-o pavit sangat sabaa-ee-aa.
(ਅਜਿਹੇ ਗੁਰਮਖਾਂ ਦੇ) ਮਾਤਾ–ਪਿਤਾ ਸਣੇ ਪਰਵਾਰ, ਅਤੇ ਇਹਨਾ ਦੇ ਮਿਲਣ ਵਾਲੇ ਵੀ ਪਵਿੱਤਰ ਹੋ ਗਏ।
(They got purified, along with) their mothers, fathers, families, friends, and as well all their companions became purified.

ਕਹਦੇ ਪਵਿਤੁ ਸੁਣਦੇ ਪਵਿਤੁ ਸੇ ਪਵਿਤੁ ਜਿਨੀ ਮੰਨਿ ਵਸਾਇਆ ॥
kahday pavit sunday pavit say pavit jinee man vasaa-i-aa.
ਨਾਮ ਜਪਣ ਵਾਲੇ, ਨਾਮ ਨੂੰ ਸੁਣਨ ਵਾਲੇ, ਅਤੇ ਜਿਨ੍ਹਾਂ ਨੇ ਨਾਮ ਨੂੰ ਮਨ ਦੇ ਅੰਦਰ ਵਸਾ ਲਿਆ, ਅਜਿਹੇ ਸਾਰੇ ਹੀ ਪਵਿੱਤਰ ਹੋ ਗਏ।
Those who recited God’s Name, others who listened to it, and also still others

who got their minds attached to it, all of them got purified.

ਕਹੈ ਨਾਨਕੁ ਸੇ ਪਵਿਤੁ ਜਿਨੀ ਗੁਰਮੁਖਿ ਹਰਿ ਹਰਿ ਧਿਆਇਆ ॥੧੭॥
kahai naanak say pavit jinee gurmukh har har Dhi-aa-i-aa. ||17||
ਗੁਰੂ ਨਾਨਕ ਜੀ ਕਹਿੰਦੇ ਹਨ, ਉਹ ਪਵਿੱਤਰ ਹਨ ਕਿ ਜਿਨ੍ਹਾ ਗੁਰਮੁਖਾਂ ਨੇ: ਗੁਰੂ ਦੇ ਪਰੇਮੀਆਂ ਨੇ, ਗੁਰੂ ਦੇ ਹੁਕਮ ਵਿਚ ਆ ਕੇ, ਵਾਹਿਗੁਰੂ ਜੀ ਦੇ ਨਾਮ ਨੂੰ ਜਪਿਆ ਹੈ।
Says Nanak, all those God-Oriented people who recited His Name became purified. ||17||

ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ ॥
karmee sahj na oopjai vin sahjai sahsaa na jaa-ay.
ਨਿਰੇ ਚੰਗੇ ਕੰਮ ਕਰਕੇ ਮਨ ਤਸੱਲੀ: ਸ਼ਾਂਤੀ ਜਾਂ ਟਿਕਾਉ, ਵਿਚ ਨਹੀ ਆਉਂਦਾ, ਅਤੇ ਬਿਨਾ ਮਨ ਦੇ ਟਿਕਾਉ ਦੇ ਸਹਸਾ: ਭਰਮ, ਦੂਰ ਨਹੀ ਹੁੰਦਾ (ਕਿ ਰੱਬ ਹੈ ਜਾਂ ਨਹੀ, ਜਾਂ ਕਿ ਸਿਰਫ਼ ਦੁਨਿਆ ਦੀਆਂ ਚੀਜ਼ਾਂ ਹੀ ਸੁਖ ਦਿੰਦੀਆਂ ਹਨ, ਵਗ਼ੈਰਾ)।

ਕਰਮ – ਹੋਰ ਹੋਰ ਕੰਮ, ਚੰਗਿਆਈਆਂ, ਕਰਮ-ਕਾਂਡ। ਕਰਮ-ਕਾਂਡ – ਹਿੰਦੂ ਸ਼ਾਸਤਰ ਦਾ ਉਹ ਹਿੱਸਾ ਕਿ ਜਿਸ ਵਿਚ ਪੂਜਾ ਕਰਦੇ ਹੋਏ ਅਲਗ ਅਲਗ ਕਰਮਾਂ ਦਾ ਕਰਨਾ ਲਿਖਿਆ ਹੋਇਆ ਹੈ, ਪੂਜਾ ਕਰਦਿਆਂ ਸਰੀਰ ਦੇ ਅੰਗ ਇਦਾਂ-ਉੱਦਾਂ ਹਿਲਾਉਣੇ, ਜਾਂ ਕੁਝ ਹੋਰ ਕਰਮ ਇੱਦਾਂ, ਇੱਦਾਂ, ਕਰਨੇ)। ਕਰਮ ਦਾ ਅਰਥ ਕਿਸਮਤ ਜਾਂ ਲੇਖ: ਰੱਬ ਦੀ ਦਰਗਾਹ ਦਾ ਲਿਖਿਆ, ਵੀ ਹੈ।
Simply by good deeds, or rituals the mental peace (Poise) is not attained, and without peace the doubts do not clear up (Whether God is there or not, or that only the worldly things etc. give happiness).
(Karam: deeds, rituals, and also destiny: luck. Rituals – Mostly in the Hindu worship, the body parts especially the hands are moved differently while reading out the Mantras or scriptures, and as well some other actions are also undertaken).

ਨਹ ਜਾਇ ਸਹਸਾ ਕਿਤੈ ਸੰਜਮਿ ਰਹੇ ਕਰਮ ਕਮਾਏ ॥
nah jaa-ay sahsaa kitai sanjam rahay karam kamaa-ay.
ਕਿਸੇ ਵੀ ਸੰਜਮ: ਅਸੂਲ, ਦੇ ਨਾਲ ਸ਼ੱਕ ਦੂਰ ਨਹੀ ਹੋਂਦਾ, ਲੋਕੀਂ ਚੰਗਿਆਈਆਂ ਕਰ ਕਰ ਕੇ ਹਾਰ ਗਏ ਹਨ – ਪੱਲੇ ਕੁਝ ਨਹੀ ਪਿਆ।
Doubts do not go away by deeds: actions or rituals (Karam) only, and the people have tried these without gains.

ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਏ ॥
sahsai jee-o maleen hai kit sanjam Dhotaa jaa-ay.
ਭਰਮ, ਵਹਿਮ ਦੇ ਨਾਲ ਇਹ ਮਨ: ਆਤਮਾ, ਮੈਲਾ ਹੋ ਜਾਂਦਾ ਹੈ, ਪਵਿੱਤਰ ਨਹੀ ਰਹਿੰਦਾ, ਅਤੇ ਇਹ ਧੋਤਾ ਕਿੱਦਾਂ ਜਾਵੇ – ਸਾਫ਼, ਪਵਿੱਤਰ ਕਿੱਦਾਂ ਕੀਤਾ ਜਾਵੇ?
The mind (Soul) becomes filthy by doubts (Skepticism), and then how should it be cleaned?

ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ ॥
mannu Dhovahu sabad laagahu har si-o rahhu chitu laa-ay.
ਆਪਣੇ ਮਨ ਨੂੰ ਸ਼ਬਦ ਦੇ ਨਾਲ ਲੱਗ ਕੇ – ਗੁਰਬਾਣੀ ਪੜ੍ਹ, ਨਾਮ ਜਪ, ਗੁਰੂ ਦਾ ਹੁਕਮ ਮੰਨ ਕੇ, ਧੋਵੋ, ਅਤੇ ਹਰ ਵਕਤ ਵਾਹਿਗੁਰੂ ਜੀ ਦੇ ਨਾਲ ਇਹਨੂੰ ਜੋੜ ਕੇ ਰੱਖੋ।
Wash your mind (Soul) by keeping attached to the Shabad - read Scriptures, recite His Name, obey His Will, and keep your mind: spirit, consciousness, focused on the Lord.

ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ ਇਹੁ ਸਹਸਾ ਇਵ ਜਾਇ ॥੧੮॥
kahai naanak gur parsaadee sahj upjai ih sahsaa iv jaa-ay. ||18||
ਨਾਨਕ ਜੀ ਕਹਿੰਦੇ ਹਨ ਕਿ ਗੁਰੂ ਮਹਾਰਾਜ ਦੀ ਕਿਰਪਾ ਦੇ ਨਾਲ ਸਹਜ (ਟਿਕਾਉ, ਤਸੱਲੀ) ਪੈਦਾ ਹੋਂਦਾ ਹੈ, ਅਤੇ ਇਸ ਦੇ ਨਾਲ ਭਰਮ ਦੂਰ ਹੋ ਜਾਂਦੇ ਹਨ, ਪਰਮਾਤਮਾ ਉੱਤੇ ਭਰੋਸਾ ਆ ਜਾਂਦਾ ਹੈ।
Says Nanak, by Guru's grace, the mental calm (Poise) is attained, and by this the doubts get removed. ||18||

ਜੀਅਹੁ ਮੈਲੇ ਬਾਹਰਹੁ ਨਿਰਮਲ ॥
jee-ahu mailay baahrahu nirmal.
ਜੋ ਮਨ ਦੇ ਮੈਲੇ ਹਨ (ਪਾਪੀ, ਬੁਰੇ), ਭਰ ਬਾਹਰੋਂ ਪਵਿੱਤਰ ਦਿਸਦੇ ਹਨ,
Those, at heart bad: polluted within, but outwardly pure – their appear is good,

ਬਾਹਰਹੁ ਨਿਰਮਲ ਜੀਅਹੁ ਤ ਮੈਲੇ ਤਿਨੀ ਜਨਮੁ ਜੂਐ ਹਾਰਿਆ ॥
baahrahu nirmal jee-ahu ta mailay tinee janam joo-ai haari-aa.
ਬਾਹਰੋਂ ਪਵਿੱਤਰ ਭਰ ਮਨ ਦੇ ਮੈਲੇ ਹਨ, ਉਹਨਾਂ ਨੇ ਆਪਣਾ ਜਨਮ ਜੂਏ ਹਾਰਿਆ ਹੈ (ਫ਼ਜ਼ੂਲ, ਮਾੜੇ ਕੰਮਾਂ ਵਿਚ ਹਾਰ ਦਿੱਤਾ ਹੈ)।
Those outwardly pure, but polluted at heart, have lost their lives in a gamble (Uselessly).

ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ ॥
ayh tisnaa vadaa rog lagaa maranu manhu visaari-aa.
ਇਹਨਾ ਨੂੰ ਤਰਿਸ਼ਨਾ ਇਕ ਵੱਡੀ ਬੀਮਾਰੀ ਲੱਗੀ ਹੋਈ ਹੈ, ਅਤੇ ਇਹ ਭੁੱਲ ਗਏ ਹਨ ਕਿ ਇਹਨਾ ਨੇ ਵੀ ਮਰਨਾ ਹੈ – ਇਹ ਸਭ ਕੁਝ ਇਥੇ ਹੀ ਛੱਡ ਜਾਣਾ ਹੈ।
ਤਿਸਨਾ – ਪਿਆਸ। ਮਾਇਆ, ਸੰਸਾਰ ਦੀਆਂ ਵਸਤਾਂ ਦੀ ਪਿਆਸ, ਲਾਲਚ, ਭੁੱਖ)
They have the affliction (Disease) of the great thirst (Greed) for the worldly things, and they do not remember death. (That on death, all these things will be left here).

ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ ॥
vaydaa meh naam utam so suneh naahee phirhe ji-o baytaali-aa.
(ਇਹ ਲੋਕ), ਵੇਦਾਂ ਦੇ ਵਿਚ ਦਿੱਤਾ ਹੋਇਆ ਉੱਚਾ-ਸੁੱਚਾ ਵਾਹਿਗੁਰੂ ਦਾ ਨਾਮ ਸੁਣਦੇ ਨਹੀ (ਨਾਮ ਦੀ ਪਰਵਾਹ

ਨਹੀ ਕਰਦੇ), ਅਤੇ ਸੁਰ-ਤਾਲ ਤੋਂ ਉੱਖੜੇ: ਭੂਤਨਿਆਂ ਵਾਂਙ, ਭਟਕਦੇ ਫਿਰਦੇ ਹਨ।
In the Holy Vedas, the highest thing is the Lord's Name, but the people attached to the world, do not listen to it, and keep wandering dissatisfied like the lost persons: demons, ghosts. (Vedas - the Hindu religious ancient Holy-Books).

ਕਹੈ ਨਾਨਕੁ ਜਿਨ ਸਚੁ ਤਜਿਆ ਕੂੜੇ ਲਾਗੇ ਤਿਨੀ ਜਨਮੁ ਜੂਐ ਹਾਰਿਆ ॥੧੯॥
kahai naanak jin sach taji-aa koorhay laagay tinee janam joo-ai haari-aa. ||19||
ਨਾਨਕ ਜੀ ਕਹਿੰਦੇ ਹਨ ਕਿ ਜਿਨ੍ਹਾਂ ਨੇ ਸੱਚ (ਪਰਮਾਤਮਾ) ਨੂੰ ਛੱਡ ਦਿੱਤਾ ਹੈ ਅਤੇ ਝੂਠ (ਦੁਨੀਆ ਦੀਆਂ ਚੀਜ਼ਾਂ ਕਿ ਜੋ ਛੱਡ ਜਾਣੀਆਂ ਹਨ) ਨੂੰ ਫੜਿਆ ਹੋਇਆ ਹੈ, ਉਹਨਾ ਨੇ ਆਪਣਾ ਜਨਮ ਜੂਏ (ਐਵੇਂ ਹੀ, ਮਾੜੇ ਕੰਮਾਂ ਵਿਚ) ਹਾਰ ਦਿੱਤਾ ਹੈ।
Says Nanak, those who give up the Truth (God), and accept (Get attached to) the falsehood (Love of the worldly things), lose their lives in gamble (Uselessly, purposelessly). ||19||

ਜੀਅਹੁ ਨਿਰਮਲ ਬਾਹਰਹੁ ਨਿਰਮਲ ॥
jee-ahu nirmal baahrahu nirmal.
ਉਹ ਕਿ ਜੋ ਅੰਦਰੋਂ ਅਤੇ ਬਾਹਰੋਂ ਵੀ ਪਵਿੱਤਰ ਹਨ - ਨਾਮ ਜਪਦੇ, ਚੰਗਿਆਈਆਂ ਕਰਦੇ ਹਨ,
Those who are pure at heart, and as well of appearance - There is no hypocrisy, recite God's Name and do good deeds,

ਬਾਹਰਹੁ ਤ ਨਿਰਮਲ ਜੀਅਹੁ ਨਿਰਮਲ ਸਤਿਗੁਰ ਤੇ ਕਰਣੀ ਕਮਾਣੀ ॥
baahrahu ta nirmal jee-ahu nirmal satgur tay karnee kamaanee.
ਬਾਹਰੋਂ ਪਵਿੱਤਰ ਹਨ, ਅਤੇ ਮਨ ਤੋਂ ਵੀ ਪਵਿੱਤਰ ਹਨ, ਉਹ ਸਤਿਗੁਰ ਤੋਂ ਉਪਦੇਸ਼ ਲੈ ਕੇ ਚੰਗਿਆਈਆਂ ਕਰਦੇ ਹਨ,

ਬਾਹਰੋ ਤ ਨਿਰਮਲ - ਸਰੀਰੋਂ, ਦੇਖਣ ਨੂੰ, ਨਿਰਮਲ ਹਨ, ਪਾਖੰਡ ਨਹੀ ਹੈ। ਚੰਗੇ ਕੰਮ ਕਰਦੇ ਹਨ।
ਜੀਅਹੁ ਨਿਰਮਲ - ਮਨ ਤੋਂ ਨਿਰਮਲ ਹਨ, ਨਾਮ ਜਪਦੇ, ਬਾਣੀ ਪੜ੍ਹਦੇ ਹਨ।

Those who are outwardly pure, and also pure within (at heart), follow the Guru's Word and perform good deeds. (Outwardly Pure – Pure in appearance, no hypocrisy, do good deeds. Pure Within – Recite the Name of God and Gurbani),

ਕੂੜ ਕੀ ਸੋਇ ਪਹੁਚੈ ਨਾਹੀ ਮਨਸਾ ਸਚਿ ਸਮਾਣੀ ॥
koorh kee so-ay pahuchai naahee mansaa sach samaanee.
ਉਹਨਾ ਨੂੰ ਝੂਠ ਦੀ ਸੋ (ਗੱਲ, ਖਬਰ, ਹਵਾ) ਤੱਕ ਨਹੀ ਪਹੁੰਚਦੀ (ਬੁਰਾਈ ਤੋਂ ਬੱਚ ਕੇ ਰਹਿੰਦੇ ਹਨ, ਦੁਨੀਆ ਦੀਆਂ ਵਸਤਾਂ ਦੀ ਲਾਲਚ ਨਹੀ ਪੈਂਦੀ), ਅਤੇ ਉਹਨਾ ਦੀਆਂ ਇਛਾਵਾਂ ਸੱਚ (ਵਾਹਿਗੁਰੂ) ਵਿਚ ਹੀ ਸਮਾ ਕੇ ਮੁੱਕ ਜਾਂਦੀਆਂ ਹਨ।

ਕੀਤੀਆਂ ਚੰਗਿਆਈਆਂ, ਅਤੇ ਨਾਮ-ਜਾਪ ਦੇ ਕਾਰਣ ਇੱਛਾਵਾਂ ਮੁੱਕ ਜਾਂਦੀਆਂ ਹਨ। ਉਹਨਾ ਦੀ ਇਛਾ ਚੰਗੇ ਕੰਮਾਂ ਵਿਚ ਲੱਗ ਜਾਂਦੀ ਹੈ।

They do not even hear about (Get attached to) the falsehood (Worldly things), and their desires get absorbed into the Truth. (Doing good deeds and chanting the

Name of God appeases: destroys, their desires. They desire for good deeds).

ਜਨਮੁ ਰਤਨੁ ਜਿਨੀ ਖਟਿਆ ਭਲੇ ਸੇ ਵਣਜਾਰੇ ॥
janamu ratanu jinee khati-aa bhalay say vanjaaray.
ਜਿਨ੍ਹਾਂ ਨੇ ਇਸ ਹੀਰੇ ਵਰਗੇ ਜਨਮ ਦੀ ਕਮਾਈ ਕਰ ਲਈ (ਨਾਮ ਜਪ ਲਿਆ, ਚੰਗੇ ਕੰਮ ਕੀਤੇ) ਉਹਨਾ ਨੇ ਸੋਹਣਾ ਬਿਉਪਾਰ ਕਰ ਲਿਆ (ਇਹ ਚੰਗੇ ਸੌਦਾਗਰ ਹਨ, ਚੰਗੇ ਕੰਮ ਕਰਨ ਤੇ ਨਾਮ ਜਪਣ ਦਾ ਚੰਗਾ ਸੌਦਾ ਕਰਦੇ ਹਨ)।
Those who earn the jewel of this human life, are the good merchants. (Jewel - they chant the Name of God, do good deeds. They do good business of good deeds and of chanting the Name of God).

ਕਹੈ ਨਾਨਕੁ ਜਿਨ ਮੰਨੁ ਨਿਰਮਲੁ ਸਦਾ ਰਹਹਿ ਗੁਰ ਨਾਲੇ ॥੨੦॥
kahai naanak jin man nirmal sadaa raheh gur naalay. ||20||
ਗੁਰੂ ਨਾਨਕ ਦੇਵ ਜੀ ਕਹਿੰਦੇ ਹਨ, ਜਿਨ੍ਹਾਂ ਦਾ ਮਨ ਪਵਿੱਤਰ ਹੈ, ਉਹ ਹਰ ਵਕਤ ਗੁਰੂ ਦੇ ਹੁਕਮ ਵਿਚ ਰਹਿੰਦੇ (ਨਾਮ ਜਪਦੇ, ਚੰਗਿਆਈਆਂ ਕਰਦੇ) ਹਨ।
Says Guru Nanak Dev, those with pure minds, always follow (Abide by) what the Guru says (Chant His Name, do good deeds). ||20||

ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ ॥
jay ko sikh guroo saytee sanmukh hovai.
ਜੇ ਕੋਈ ਸਿਖ ਗੁਰੂ ਦੇ ਸਾਹਮਣੇ ਹੋਵੇ, ਗੁਰੂ ਦੇ ਵੱਲ ਮੂੰਹ ਕਰ ਲਵੇ: ਗੁਰਮੁਖ ਬਣ ਜਾਵੇ, ਗੁਰੂ ਦੀ ਸੇਵਾ ਵਿਚ ਰਹਿਣ ਵਾਲਾ ਬਣੇ, ਉਹਦੇ ਹੁਕਮ ਵਿਚ ਆਵੇ, ਨਾਮ ਜਪੇ, ਚੰਗੇ ਕੰਮ ਕਰੇ,
If a Sikh turns to the Guru (Desires to be in the service of the Guru, becomes God-Oriented, accepts His Will, does good deeds, and recites His Name),

ਹੋਵੈ ਤ ਸਨਮੁਖੁ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੇ ॥
hovai ta sanmukh sikh ko-ee jee-ahu rahai gur naalay.
(ਭਰ) ਗੁਰੂ ਦੇ ਵੱਲ ਮੂੰਹ ਕਰਨ ਵਾਲਾ ਸਿਖ: ਸਿਖਿਆ ਲੈਣ ਵਾਲਾ, ਗੁਰਮੁਖ, ਕੋਈ ਹੀ ਬਣਦਾ ਹੈ, ਅਤੇ ਫ਼ੇਰ ਅਜਿਹਾ ਆਪਣੇ ਮਨ ਕਰਕੇ ਗੁਰੂ ਦੇ ਨਾਲ ਜੁੜਿਆ ਰਹਿੰਦਾ ਹੈ – ਹੁਕਮ ਮੰਨਦਾ ਤੇ ਨਾਮ ਜਪਦਾ ਹੈ।
(But such a Sikh is not common,) hardly there is a Sikh who turns to the Guru, and then keeps attached to him: follows his dictates, and recites the Name of God from his heart, sincerely.

ਗੁਰ ਕੇ ਚਰਨ ਹਿਰਦੈ ਧਿਆਏ ਅੰਤਰ ਆਤਮੈ ਸਮਾਲੇ ॥
gur kay charan hirdai Dhi-aa-ay antar aatmai samaalay.
(ਅਜਿਹਾ ਸਿਖ: ਸਿਖਿਆ ਲੈਣ ਵਾਲਾ), ਗੁਰੂ ਦੇ ਚਰਨਾਂ ਨੂੰ ਆਪਣੇ ਮਨ ਦੇ ਅੰਦਰ ਯਾਦ ਕਰਦਾ ਰਹਿੰਦਾ ਹੈ: ਨਾਮ ਧਿਆਉਂਦਾ, ਜਪਦਾ ਹੈ, ਅਤੇ ਨਾਮ ਦੀ ਯਾਦ ਨੂੰ ਆਪਣੀ ਆਤਮਾ ਦੇ ਵਿਚ ਸੰਭਾਲਦਾ ਹੈ (ਨਾਮ ਜਪਦਾ ਰਹਿੰਦਾ ਹੈ)।
(Such a Sikh: disciple, the learner), keeps the feet of the Guru in his heart (Chants

His Name), and takes care of these with his soul: remembers God.

ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਏ ॥
aap chhad-e sadaa rahai parnai gur binu avaru na jaanai ko-ay.
ਇਹ (ਗੁਰਮੁਖ), ਆਪਾ ਛੱਡ ਕੇ ਸਦਾ ਗੁਰੂ (ਵਾਹਿਗੁਰੂ) ਦੇ ਨਾਲ ਵਿਆਹਿਆ, ਸੰਬੰਧਤ – ਆਸਰੇ, ਨਾਮ ਜਪਦਾ, ਰਹੇ, ਅਤੇ ਗੁਰੂ (ਵਾਹਿਗੁਰੂ) ਤੋਂ ਬਿਨਾ ਹੋਰ ਕਿਸੇ ਨੂੰ ਵੀ ਨਾ ਜਾਣੇ॥
ਗੁਰੂ ਅਤੇ ਪਰਮਾਤਮਾ ਦੇ ਬਿਨਾ ਕਿਸੇ ਹੋਰ ਤੇ ਨਿਰਭਰ ਨਾ ਰਹੇ, ਸ਼ਰਧਾ ਸਿਰਫ਼ ਗੁਰੂ ਉੱਤੇ ਰੱਖੇ।
Giving up his self: renouncing I, my, me i.e. ego, he – the God-Oriented one, keeps linked to the Guru, and does not know anyone else: has faith only on the Guru and God.

ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਏ ॥੨੧॥
kahai naanak sunhu santahu so sikh sanmukh ho-ay. ||21||
ਨਾਨਕ ਜੀ ਕਹਿੰਦੇ ਹਨ, ਸੰਤ ਲੋਕੋ (ਗੁਰਮੁਖੋ) ਸੁਣੋ, ਸਿਖ: ਸਿਖਣ ਵਾਲਾ, ਅਜਿਹਾ ਉੱਪਰ ਦੱਸਿਆ ਹੋਵੇ ਤਾਂ ਗੁਰੂ ਦੇ ਸਾਹਮਣੇ ਹੋਇਆ ਜਾਣਿਆ ਜਾਂਦਾ ਹੈ।
ਅਜਿਹਾ: ਗੁਰਮੁਖ, ਨਾਮ ਜਪਣ ਵਾਲਾ, ਗੁਰੂ ਜੀ ਦੀ ਸੇਵਾ ਵਿਚ ਹੁੰਦਾ ਹੈ।
Says Nanak, O Saints listen, only such a Sikh: disciple or learner, as described above, is known as "turned to the Guru"- in the Guru's service, God-Oriented. ||21||

ਜੇ ਕੋ ਗੁਰ ਤੇ ਵੇਮੁਖੁ ਹੋਵੈ ਬਿਨੁ ਸਤਿਗੁਰ ਮੁਕਤਿ ਨ ਪਾਵੈ ॥
jay ko gur tay vaimukhu hovai binu satgur mukat-e na paavai.
ਜੇ ਕੋਈ ਗੁਰੂ (ਵਾਹਿਗੁਰੂ) ਤੋਂ ਮੂੰਹ ਮੋੜ ਲੈਂਦਾ ਹੈ, ਉਹ ਬਿਨਾ ਸਤਿਗੁਰੂ (ਪਰਮਾਤਮਾ) ਜੀ ਦੇ ਮੁਕਤੀ ਨਹੀ ਪਾ ਸਕਦਾ
ਜੋ ਗੁਰੂ ਤੋਂ ਮੂੰਹ ਮੋੜ ਲਵੇ ਉਹ ਦੁਨੀਆ ਦੇ ਬੰਧਨਾ, ਅਤੇ ਮਰਣ-ਜਮਣ ਦੇ ਚੱਕਰ ਤੋਂ ਛੁਟਕਾਰਾ ਨਹੀ ਪਾ ਸਕਦਾ।
Anyone who turns away from the Guru (God), cannot get liberation without the True Guru (the Lord).
Mukti – Emancipation, salvation. It is liberation from the worldly attachments, and from the cycle of birth and death.

ਪਾਵੈ ਮੁਕਤਿ ਨ ਹੋਰ ਥੈ ਕੋਈ ਪੁਛਹੁ ਬਿਬੇਕੀਆ ਜਾਏ ॥
paavai mukat na hor thai ko-ee puchhahu bibaykee-aa jaa-ay.
ਕਿਸੇ ਹੋਰ ਥਾਂ ਤੋਂ – ਕਿਸੇ ਹੋਰ ਦਰ ਤੋਂ, ਬਿਨਾ ਆਪਣੇ ਗੁਰੂ (ਵਾਹਿਗੁਰੂ) ਤੋਂ, ਮੁਕਤੀ ਮਿਲ ਨਹੀ ਸਕਦੀ, ਚਾਹੇ ਤਾਂ ਬਿਬੇਕੀਆਂ: ਬੁੱਧੀਮਾਨਾ, ਵੀਚਾਰਵਾਨਾ, ਤੋਂ ਪੁਛ ਲਵੇ।
ਜੋ ਸਿਖ ਹੈ, ਉਹ ਸਭ ਕੁਝ ਆਪਣੇ ਗੁਰੂ ਤੋਂ ਪਰਾਪਤ ਕਰੇਗਾ।
No one can find liberation from anywhere else - except from his Guru (God), one may ask the wise ones.

ਅਨੇਕ ਜੂਨੀ ਭਰਮਿ ਆਵੈ ਵਿਣੁ ਸਤਿਗੁਰ ਮੁਕਤਿ ਨ ਪਾਏ ॥
anayk joonee bharam aavai vin satgur mukat na paa-ay.
ਗੁਰੂ – ਰੱਬ ਉੱਤੇ ਵਿਸ਼ਵਾਸ: ਯਕੀਨ ਨਾ ਹੋਣ ਦੇ ਕਾਰਨ, ਮਨੁਖ ਬੇਅੰਤ ਜੂਨਾ ਵਿਚ ਮੁੜ ਮੁੜ ਜਨਮ ਲੈਂਦਾ ਤੇ ਭਟਕਦਾ ਹੈ, ਅਤੇ ਬਿਨਾ ਸੱਚੇ ਗੁਰੂ ਦੀ ਸ਼ਰਨ ਆਇਆਂ, (ਗੁਰੂ ਦੇ ਰਾਹ ਦੱਸਿਆਂ: ਨਾਮ ਜਪਿਆਂ) ਇਹਨੂੰ ਮੁਕਤੀ ਨਹੀ ਮਿਲਦੀ।
Due to his doubts: lack of faith on Guru (God), he gets born again and again in different forms i.e. animals, birds, fish etc., this is called transmigration, and without the True Master he does not get liberation. (Without the Guru's shelter - guidance to recite His Name, there is no liberation).

ਫਿਰਿ ਮੁਕਤਿ ਪਾਏ ਲਾਗਿ ਚਰਣੀ ਸਤਿਗੁਰੂ ਸਬਦੁ ਸੁਣਾਏ ॥
phire mukate paa-ay laage charnee satguroo sabadu sunaa-ay.
ਆਖਿਰ, ਮੁਕਤੀ ਗੁਰੂ (ਵਾਹਿਗੁਰੂ) ਜੀ ਦੀ ਸ਼ਰਨ ਆਇਆਂ ਹੀ ਮਿਲਦੀ ਹੈ ਕਿ ਜੱਦ ਇਹਨੂੰ ਗੁਰੂ ਜੀ ਦਾ ਉਪਦੇਸ਼ ਮਿਲਦਾ ਹੈ: ਨਾਮ ਜਪੋ, ਚੰਗਿਆਈਆਂ ਕਰੋ।
At last, he gets liberation by getting attached to the feet of the True Guru (God)– by surrendering to him (Him), and getting his (Guru's) Shabad – Word, to chant the Name of God.

ਕਹੈ ਨਾਨਕੁ ਵੀਚਾਰਿ ਦੇਖਹੁ ਵਿਣੁ ਸਤਿਗੁਰ ਮੁਕਤਿ ਨ ਪਾਏ ॥੨੨॥
kahai naanak veechaar daykhhu vin satgur mukat na paa-ay. ||22||
ਨਾਨਕ ਜੀ ਕਹਿੰਦੇ ਹਨ ਕਿ ਸੋਚ-ਵਿਚਾਰ ਕੇ ਦੇਖ ਲਵੋ, ਬਿਨਾ ਵਾਹਿਗੁਰੂ ਦੇ: ਇਹਦੀ ਕਿਰਪਾ ਦੇ, ਇਹਦੇ ਲੜ ਲੱਗੇ ਬਗ਼ੈਰ, ਮੁਕਤੀ ਨਹੀ ਮਿਲਦੀ।
Says Nanak, think over it, without the kindness of the True Guru (God) there is no liberation. ||22||

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥
aavhu sikh satguroo kay pi-aariho gaavhu sachee banee.
ਆਉ ਸਤਿਗੁਰੂ ਜੀ ਦੇ ਪਿਆਰੇ ਸਿੱਖੋ, ਤੁਸੀਂ ਸੱਚੀ ਬਾਣੀ ਗਾਵੋ।
ਸੱਚੀ ਬਾਣੀ – ਗੁਰੂ ਮਹਾਰਾਜ ਦੀ ਉਚਾਰੀ ਹੋਈ, ਜਾਂ ਇਹਨਾ ਦੀ ਪਰਵਾਣ ਕੀਤੀ ਬਾਣੀ। ਬਾਣੀ, ਗੁਰੂ ਜੀ ਨੂੰ ਵਾਹਿਗੁਰੂ ਤੋਂ ਮਿਲੀ ਹੈ। ਬਾਣੀ, ਗੁਰੂ ਗਰੰਥ ਸਾਹਿਬ ਵਿਚ ਦਿੱਤੇ, ਅਤੇ ਦਸਮ ਪਾਤਿਸ਼ਾਹ ਦੇ ਉਚਾਰੇ ਹੋਏ ਸ਼ਬਦ ਹਨ।
Come, O beloved Sikhs of the True Guru, sing the True Bani - Scriptures, Hymns.
(True Bani – The Scriptures are revealed to the Gurus by God. Hymns given in the Guru Granth Sahib, as well as the Bani of the Tenth Master, is revealed Bani).

ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥
banee ta gaavhu guroo kayree baanee-aa sir banee.
ਬਾਣੀ ਗਾਉ ਕਿ ਜੋ ਗੁਰੂ ਜੀ ਦੀ ਉਚਾਰੀ ਹੋਈ ਗੁਰੂ ਜੀ ਦੀ ਬਾਣੀ ਵਾਹਿਗੁਰੂ ਦੀ ਗੱਲ ਕਰਦੀ ਹੈ।

Sing the Bani: Scripture, of the Guru, which is a Supreme i.e. a Great Bani (Hymns). (Guru's Bani talks only of God).

ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ ॥
jin ka-o nadar karam hovai hirdai tinaa samaanee.
ਜਿਨ੍ਹਾਂ ਉੱਤੇ ਵਾਹਿਗੁਰੂ ਜੀ ਦੀ ਮਿਹਰ ਦੀ ਨਜ਼ਰ, ਕਿਰਪਾ ਹੋ ਜਾਵੇ, ਇਹ ਬਾਣੀ ਉਹਨਾ ਦੇ ਮਨ ਦੇ ਅੰਦਰ ਵੱਸ ਜਾਂਦੀ ਹੈ।
This Bani (Scripture) settles in the minds of those who get the Grace of God.

ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ ਜਪਿਹੁ ਸਾਰਿਗਪਾਣੀ ॥
peevhu amrit sadaa rahhu har rang japihu saarigpaanee.
ਅੰਮ੍ਰਿਤ ਪੀਵੋ (ਬਾਣੀ ਪੜ੍ਹੋ, ਨਾਮ ਜਪੋ), ਹਰ ਵਕਤ ਪਰਮਾਤਮਾ ਦੇ ਪਰੇਮ ਵਿਚ ਰਹੋ – ਪਰਮਾਤਮਾ ਦੇ ਨਾਮ ਨੂੰ ਜਪੋ। ਬਾਣੀ ਪੜ੍ਹ ਤੇ ਨਾਮ ਜਪ ਕੇ ਹਰ ਵਕਤ ਵਾਹਿਗੁਰੂ ਦੇ ਪਰੇਮ ਵਿਚ ਰਹਿ, ਇਹਨੂ ਯਾਦ ਕਰਦੇ ਰਹੋ।

ਅੰਮ੍ਰਿਤ – ਅ: ਨਹੀ, ਮ੍ਰਿਤ: ਮੌਤ, ਭਾਵ ਇਹ ਪੀ ਕੇ ਮੌਤ ਨਹੀ ਆਉਂਦੀ, ਮੌਤ ਦਾ ਡਰ ਮੁੱਕ ਜਾਂਦਾ ਹੈ। ਸਿਖ ਧਰਮ ਵਿਚ, ਇਹ ਮਿਠਾ ਪਵਿਤੱਰ-ਜੱਲ ਖਾਸ ਤੌਰ ਤੇ ਚੋਣਵੀਆਂ (ਨਿਸਚਿੱਤ: ਗਿਣੀਆਂ-ਮਿਥੀਆਂ) ਬਾਣੀਆਂ ਪੜ੍ਹ ਕੇ ਤਿਆਰ ਕੀਤਾ ਜਾਂਦਾ ਹੈ, ਅਤੇ ਇਹ ਪਿਆ ਕੇ ਸਿੰਘ ਸਜਾਇਆ, ਖਾਲਸਾ ਬਣਾਇਆ ਜਾਂਦਾ ਹੈ।

ਸਾਰਿਗਪਾਣੀ – ਧਰਤੀ ਦਾ ਪਾਲਣਹਾਰਾ: ਪਰਮਾਤਮਾ। ਸਾਰਿਗਪਾਣ – ਧਰਤੀ ਨੂੰ ਪਾਲਣ ਵਾਲਾ ਵਿਸ਼ਨੂੰ ਕਿ ਜਿਸ ਦੇ ਹੱਥ ਵਿਚ ਕਮਾਨ ਹੈ, ਭਾਵ ਹੈ ਧਰਤੀ ਨੂੰ ਪਾਲਣ ਵਾਲਾ ਪਰਮਾਤਮਾ।
Drink Amrit (the Holy-Drink i.e. read the Scriptures, and recite His Name), forever remain in the love of the Lord, and chant the Name of the "Sustainer of the World" (God).
(Amrit – A: no, Mrit: death i.e. Immortality-giving Holy-Drink, Ambrosial Nectar. It is an especially prepared sweetened drink which is given at the time of inducting a fellow into the Sikh faith.
Saarigpaan – Vishnu, Sustainer of the earth i.e. God).

ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ ॥੨੩॥
kahai naanak sadaa gaavhu ayh sachee banee. ||23||
ਨਾਨਕ ਜੀ ਕਹਿੰਦੇ ਹਨ ਕਿ ਇਹ ਸੱਚੀ ਬਾਣੀ, ਤੁਸੀਂ ਹਰ ਵਕਤ ਗਾਉਂਦੇ ਰਹੋ।
Says Nanak, sing this True Bani (Hymns) always. ||23||

ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥
satguroo binaa hor kachee hai banee.
ਜੋ ਬਾਣੀ ਸਤਿਗੁਰੂ ਜੀ ਦੀ ਉਚਾਰੀ ਜਾਂ ਪਰਵਾਣ ਕੀਤੀ ਹੋਈ ਨਹੀ, ਉਹ ਕੱਚੀ ਹੈ।

ਕੱਚੀ ਬਾਣੀ – ਐਵੇਂ ਤੁੱਕ-ਬੰਦੀ, ਖਿਆਲੀ, ਮਾਇਆ ਦੇ ਬਾਰੇ ਹੈ, ਇਹਦੇ ਲਿੱਖਣ ਵਾਲਾ ਕਹਿੰਦਾ ਹੋਰ ਅਤੇ ਕਰਦਾ ਹੋਰ ਹੈ। ਉਹ ਸੱਚ: ਪਰਮਾਤਮਾ, ਅਤੇ ਭਜਨ ਬੰਦਗੀ ਤੋਂ, ਦੂਰ ਹੈ। ਇਸ ਬਾਣੀ ਦੇ ਵਿਚ ਗੁਰੂ ਮਹਾਰਾਜ

ਦੀ ਕਰਣੀ-ਸ਼ੱਕਤੀ, ਆਤਮਿਕਤਾ ਨਹੀ। ਇਹ ਧੁਰ ਕੀ: ਵਾਹਿਗੁਰੂ ਤੋਂ ਆਈ ਹੋਈ ਨਹੀ।

The Bani (Scriptures, Hymns) not composed or approved by the Gurus is merely an ordinary, untrue poetry (False songs related to the worldly attachments with no spirituality in them, nothing about God. There is hypocrisy, the writer's deeds and preaching are different. It has no effect of the high deeds and spiritual strength of the Gurus. It is not revealed: got from God).

ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥

banee ta kachee satguroo baajhahu hor kachee banee.

ਜੋ ਬਾਣੀ ਸੱਚੇ ਗੁਰੂ ਮਹਾਰਜ ਜੀ ਦੀ ਨਹੀ ਉਹ ਕੱਚੀ ਹੈ, (ਯਕੀਨ ਕਰੋ) ਕੱਚੀ ਹੀ ਹੈ।

ਅਜਿਹੀ ਬਾਣੀ ਦੁਨੀਆ ਦੇ ਬਾਰੇ ਹੈ, ਉਹਦੇ ਵਿਚ ਗੁਰੂ ਜੀ ਦੀ ਕਰਣੀ ਤੇ ਆਤਮਿਕਤਾ ਨਹੀ, ਰੱਬ ਬਾਰੇ ਕੁਝ ਨਹੀ, ਰੱਬ ਵੱਲੋਂ ਮਿਲੀ ਹੋਈ ਨਹੀ, ਇਹਦੇ ਲਿਖਣ ਵਾਲਾ ਕਰਦਾ ਹੋਰ ਅਤੇ ਕਹਿੰਦਾ ਕੁਝ ਹੋਰ ਹੈ।

The Bani (Hymns) not belonging to the True Guru is false, (Believe it) it is untrue. (Such Hymns are about the worldly things, with no spirituality and the effect of the high deeds of the Guru, nothing about God, not revealed i.e. not got from God. There is hypocrisy in this, the writer's deeds and preaching are different).

ਕਹਦੇ ਕਚੇ ਸੁਣਦੇ ਕਚੇ ਕਚੀਂ ਆਖਿ ਵਖਾਣੀ ॥

kahday kachay sunday kachay kachee[N] aakh vakhaanee.

ਗੁਰੂ ਦੇ ਬਾਝੋਂ ਬਾਣੀ ਉਚਾਰਣ ਵਾਲੇ ਅਤੇ ਇਹਨੂੰ ਸੁਣਨ ਵਾਲੇ ਵੀ ਕੱਚੇ, ਭਜਨ ਬੰਦਗੀ ਤੋਂ ਰਹਿਤ ਹਨ, ਕਿਉਂ ਕਿ ਇਹ ਕੱਚਿਆਂ, ਕਿ ਜੋ ਨਾਮ ਨਹੀ ਜਪਦੇ, ਆਤਮਿਕਤਾ ਤੋਂ ਰਹੇ ਹੋਇ ਹਨ, ਰੱਬ ਦੇ ਨਾਲ ਨਹੀ ਜੁੜੇ, ਨੇ ਉਚਾਰੀ ਹੋਈ ਹੈ।

Without the Guru all others who compose the so-called "Bani," (Scriptures) are false: not God-Oriented, and those who listen to such compositions are untrue as well (Attached to the worldly things).

ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ ॥

har-e har-e nit karahi rasnaa kahi-aa kachhoo na jaanee.

(ਅਜਿਹੇ ਲੋਕ) ਜ਼ਬਾਨ ਦੇ ਨਾਲ ਨਿਤ "ਵਾਹਿਗੁਰੂ, ਵਾਹਿਗੁਰੂ" ਕਰਦੇ ਹਨ, ਭਰ ਜੋ ਕਹਿੰਦੇ ਹਨ ਉਹਦੀ ਉਹਨਾ ਨੂੰ ਕੋਈ ਸਮਝ ਨਹੀ ਕਿ ਉਹ ਕੀ ਕਹਿ ਰਹੇ ਹਨ: ਇਹਦਾ ਮਤਲਬ ਕੀ ਹੈ।

ਅਜਿਹੇ, ਮੂੰਹ ਤੋਂ ਹੋਰ ਅਤੇ ਮਨੋਂ ਹੋਰ ਹਨ, ਆਪਣਾ ਕਿਹਾ ਆਪ ਹੀ ਸੁਣਦੇ, ਮੰਨਦੇ, ਕਰਦੇ ਨਹੀ।

With their tongues, they continuously chant God's Name, but do not know what they say. (They are hypocrites, do not practice what they preach).

ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ ॥

chit jin kaa hir la-i-aa maa-i-aa bolan pa-ay ravaanee.

ਜਿਨ੍ਹਾ ਦਾ ਮਨ ਮਾਇਆ ਨੇ ਠੱਗ ਲਿਆ ਹੋਇਆ ਹੈ: ਜੋ ਦੁਨੀਆ ਦੀਆਂ ਗੱਲਾਂ ਵਿਚ ਫਸੇ ਹੋਇ ਹਨ, ਉਹ ਰਵਾਂ-ਰਵੀਂ ਬੋਲੀ ਜਾਂਦੇ ਹਨ।

ਉਹ, ਤੇਜ਼ੋ-ਤੇਜ਼ੀ, ਉੱਤੋਂ ਉੱਤੋਂ, ਬਿਨ ਸਮਝੇ, ਜ਼ਬਾਨੀ ਜ਼ਬਾਨੀ ਉਪਦੇਸ਼ ਦਿੰਦੇ, ਵਾਹਿਗੁਰੂ ਅਤੇ ਨਾਮ ਦੀਆਂ ਗੱਲਾਂ ਕਰਦੇ ਸਮਝਦੇ ਹਨ ਕਿ ਬਾਣੀ ਉਚਾਰ ਰਹੇ ਹਨ।

Those won over by the worldly attachments, go on talking fast, (without understanding anything, reciting mechanically about God and His Name, thinking they are composing Bani).

ਕਹੈ ਨਾਨਕੁ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥੨੪॥

kahai naanak sat<u>g</u>uroo baa<u>jh</u>ahu hor kachee ba<u>n</u>ee. ||24||

ਨਾਨਕ ਜੀ ਕਹਿੰਦੇ ਹਨ ਕਿ ਬਿਨਾ ਗੁਰੂ ਜੀ ਦੇ ਬੋਲੀ, ਉਚਾਰੀ, ਕੋਈ ਹੋਰ ਬਾਣੀ ਸੁਣਾਵੇ, ਬਣਾਵੇ, ਉਹ ਬਾਣੀ ਕੱਚੀ ਹੈ।

Says Nanak, Bani (Hymns) composed by anyone other than the True Guru, is false. ||24||

ਗੁਰ ਕਾ ਸਬਦੁ ਰਤੰਨੁ ਹੈ ਹੀਰੇ ਜਿਤੁ ਜੜਾਉ ॥

gur kaa saba<u>d</u>u ra<u>t</u>annu hai heeray ji<u>t</u>u ja<u>rh</u>aa-o.

ਗੁਰੂ ਜੀ ਦਾ ਸ਼ਬਦ (ਨਾਮ) ਇਕ ਰਤਨ: ਹੀਰੇ-ਮੋਤੀ, ਹੈ ਕਿ ਜੋ ਹੀਰੇ ਜੜਿਆ ਹੈ।

ਬੜਾ ਕੀਮਤੀ ਹੈ, ਜਿਸ ਦੀਆਂ ਬੜੀਆਂ ਸਿਫ਼ਤਾਂ ਹਨ, ਮਨ ਦੇ ਅੰਦਰ ਹੀਰੇ ਜੜ ਦਿੰਦਾ: ਨਾਮ-ਬਾਣੀ ਨੂੰ ਟਿਕਾ ਦਿੰਦਾ ਹੈ।

The Word of the Guru: the Name of God, is a jewel studded diamond. (It is precious and it makes the mind studded with diamonds – established, set in the recitation of His Name, Scriptures).

ਸਬਦੁ ਰਤਨੁ ਜਿਤੁ ਮੰਨੁ ਲਾਗਾ ਏਹੁ ਹੋਆ ਸਮਾਉ ॥

saba<u>d</u> ra<u>t</u>an ji<u>t</u> man laagaa ayhu ho-aa samaa-o.

ਸ਼ਬਦ ਰਤਨ: ਹੀਰੇ ਵਰਗਾ ਨਾਮ, ਸਿਫ਼ਤਾਂ ਭਰਿਆ ਨਾਮ, ਜਿਸ ਮਨ ਨੂੰ ਮੋਹ ਜਾਵੇ, ਫ਼ੇਰ ਅਜਿਹਾ ਮਨ ਇਸ ਨਾਮ ਦੇ ਵਿਚ ਹੀ ਸਮਾ ਜਾਂਦਾ ਹੈ।

The mind, which is attracted by this Jewel (Name of God), gets attached to the Word (Starts deeply reciting His Name).

ਸਬਦ ਸੇਤੀ ਮਨੁ ਮਿਲਿਆ ਸਚੈ ਲਾਇਆ ਭਾਉ ॥

saba<u>d</u> say<u>t</u>ee man mili-aa sachai laa-i-aa <u>bh</u>aa-o.

(ਅਜਿਹੇ ਗੁਰਮੁਖ ਦਾ) ਮਨ, ਸ਼ਬਦ: ਬਾਣੀ, ਨਾਮ, ਦੇ ਨਾਲ ਜੁੜ ਜਾਂਦਾ ਹੈ, ਅਤੇ ਸੱਚੇ ਦਾ:ਪਰਮਾਤਮਾ ਦਾ, ਪਿਆਰ ਪੈ ਜਾਂਦਾ ਹੈ।

Anyone whose mind is attached to the Word (Bani and the Name of God), he or she develops love for the Lord.

ਆਪੇ ਹੀਰਾ ਰਤਨੁ ਆਪੇ ਜਿਸ ਨੋ ਦੇਇ ਬੁਝਾਇ ॥

aapay heeraa ra<u>t</u>an aapay jis no <u>d</u>ay-ay bu<u>jh</u>aa-ay.

ਉਹ ਆਪ ਹੀ (ਵਾਹਿਗੁਰੂ) ਹੀਰਾ ਤੇ ਆਪ ਹੀ ਰਤਨ: ਕੀਮਤੀ ਨੱਗ, ਹੈ - ਬੜਾ ਕੀਮਤੀ: ਬੇਅੰਤ ਗੁਣਾ ਵਾਲਾ

ਹੈ, ਅਤੇ ਇਹ ਗਿਆਨ ਤਾਂ ਹੁੰਦਾ ਹੈ ਜੇ ਕਰ ਪਰਮਾਤਮਾ ਆਪ ਅਜਿਹੀ ਸਮਝ, ਪਾ ਦੇਵੇ।

He Himself is a diamond, and a jewel of limitless qualities, and this understanding comes by His Own Blessings.

ਕਹੈ ਨਾਨਕੁ ਸਬਦੁ ਰਤਨੁ ਹੈ ਹੀਰਾ ਜਿਤੁ ਜੜਾਉ ॥੨੫॥

kahai naanaku sabadu ratanu hai heeraa jitu jarhaa-o. ||25||

ਨਾਨਕ ਜੀ ਕਹਿੰਦੇ ਹਨ ਕਿ ਗੁਰੂ ਦਾ ਸ਼ਬਦ (ਬਾਣੀ, ਨਾਮ) ਕੀਮਤੀ ਜਵਾਹਰ: ਹੀਰੇ, ਮੋਤੀ ਹੈ, ਬੜੇ ਗੁਣਾ ਵਾਲਾ ਹੈ, ਕਿ ਜਿਸ ਦੀ ਕਿਰਪਾ ਦੇ ਨਾਲ ਵਾਹਿਗੁਰੂ ਜੀ ਮਨ ਦੇ ਅੰਦਰ ਆ ਬੈਠਦੇ ਹਨ।

ਜਾਪ ਕਰ ਕੇ ਮਨ ਨਾਮ ਦੇ ਨਾਲ ਜੁੜ ਜਾਂਦਾ ਹੈ, ਅਤੇ ਇਸ ਦੇ ਕਾਰਨ ਪਰਮਾਤਮਾ: ਇਹਦੀ ਯਾਦ, ਪਿਆਰ, ਮਨ ਦੇ ਅੰਦਰ ਆ ਟਿਕਦੇ ਹਨ।

Says Nanak, the Shabad (Word, Name of God) is a jewel decorated with diamonds (Shabad is precious: with great spiritual qualities, and by its recitation the love for its chanting develops, the mind gets attached to God, it gets filled with the love of God). ||25||

ਸਿਵ ਸਕਤਿ ਆਪਿ ਉਪਾਇ ਕੈ ਕਰਤਾ ਆਪੇ ਹੁਕਮੁ ਵਰਤਾਏ ॥

siv sakat aap upaa-ay kai kartaa aapay hukam vartaa-ay.

ਕਰਤਾ (ਵਾਹਿਗੁਰੂ) ਆਪ ਹੀ ਸ਼ਿਵ, ਜੀਵਆਤਮਾ – ਜਾਨਦਾਰਾਂ ਦੀ ਆਤਮਾ, ਅਤੇ ਸ਼ਕਤੀ (ਮਾਇਆ, ਦੁਨੀਆ) ਪੈਦਾ ਕਰਕੇ ਆਪ ਹੀ ਇਹਨਾ ਨੂੰ ਆਪਣੇ ਹੁਕਮ ਦੇ ਵਿਚ ਚਲਾਉਂਦਾ ਹੈ।

God creates Shiva: God-factor - things with soul, living beings, and Shakti: Maya: the world, and He puts them under His Command.

ਹੁਕਮੁ ਵਰਤਾਏ ਆਪਿ ਵੇਖੈ ਗੁਰਮੁਖਿ ਕਿਸੈ ਬੁਝਾਏ ॥

hukam vartaa-ay aap vaykhai gurmukh kisai bujhaa-ay.

(ਵਾਹਿਗੁਰੂ) ਆਪਣਾ ਹੁਕਮ ਵਰਤਾ ਕੇ – ਹੁਕਮ ਦੇ ਵਿਚ ਚਲਾ ਕੇ, ਆਪ ਹੀ ਆਪਣੀ ਖੇਡ ਨੂੰ ਦੇਖਦਾ ਹੈ – ਇਹਨੂੰ ਮਾਣਦਾ ਹੈ, ਇਹਦੀ ਪਾਲਣਾ ਕਰਦਾ ਹੈ, ਭਰ ਇਹ ਗੱਲ ਕਿਸੇ ਵਿਰਲੇ ਗੁਰੂ–ਪਿਆਰੇ ਨੂੰ ਪਰਮਾਤਮਾ ਆਪ ਹੀ ਸਮਝਾਉਂਦਾ ਹੈ।

Putting everything under His Will, He enjoys His play - provides sustenance to His Creation, but to some rare ones He Himself gives this understanding.

ਤੋੜੇ ਬੰਧਨ ਹੋਵੈ ਮੁਕਤੁ ਸਬਦੁ ਮੰਨਿ ਵਸਾਏ ॥

torhay banDhan hovai mukatu sabad manne vasaa-ay.

ਸ਼ਬਦ (ਨਾਮ, ਬਾਣੀ) ਨੂੰ ਮਨ ਦੇ ਅੰਦਰ ਵਸਾ ਕੇ – ਬਾਣੀ ਪੜ੍ਹ, ਨਾਮ ਦਾ ਜਾਪ ਕਰ, ਦੁਨੀਆ ਦੇ ਬੰਧਨ ਟੁੱਟ ਜਾਂਦੇ ਹਨ ਤੇ ਮੁਕਤ ਹੋ ਜਾਈਦਾ ਹੈ।

ਮੁਕਤੀ – ਸੰਸਾਰ ਦੇ ਬੰਧਨ ਅਤੇ ਜਮਣ ਤੇ ਮਰਣ ਦਾ ਚੱਕਰ ਮੁੱਕ ਜਾਂਦੇ ਹਨ।

By keeping the mind attached to the Word – by reading Scriptures, reciting the Name of God, the worldly bonds get broken and liberation is achieved. (Liberation – freedom from the worldly bindings, and as well from the cycle of birth and death).

ਗੁਰਮੁਖਿ ਜਿਸ ਨੋ ਆਪਿ ਕਰੇ ਸੁ ਹੋਵੈ ਏਕਸ ਸਿਉ ਲਿਵ ਲਾਏ ॥
gurmukh jis no aap karay so hovai aykas si-o liv laa-ay.
(ਪਰਮਾਤਮਾ) ਜਿਸ ਨੂੰ ਗੁਰਮੁਖ (ਜਿਸ ਦਾ ਮੂੰਹ ਗੁਰੂ ਦੇ ਵੱਲ ਹੈ, ਗੁਰੂ ਦੇ ਹੁਕਮ ਵਿਚ ਆਇਆ ਹੋਇਆ) ਬਣਾਉਂਦਾ ਹੈ ਸੋ ਹੀ ਬਣਦਾ ਹੈ, ਅਤੇ ਫ਼ੇਰ ਉਹਦੀ ਲਿਵ (ਧਿਆਨ, ਸੁਰਤੀ) ਪਰਮਾਤਮਾ ਦੇ ਨਾਲ ਲੱਗ ਜਾਂਦੀ ਹੈ (ਪਿਆਰ ਬਣ ਜਾਂਦਾ ਹੈ)।
The Lord Himself makes someone a Gurmukh: the one attached to the Guru, God-Oriented, and then he or she gets deeply linked to God.

ਕਹੈ ਨਾਨਕੁ ਆਪਿ ਕਰਤਾ ਆਪੇ ਹੁਕਮੁ ਬੁਝਾਏ ॥੨੬॥
kahai naanak aap kartaa aapay hukam bujhaa-ay. ||26||
ਨਾਨਕ ਜੀ ਕਹਿੰਦੇ ਹਨ ਕਿ ਉਹ ਆਪ ਕਰਤਾ: ਸਭ ਕੁਝ ਕਰਣ ਵਾਲਾ, ਰਚਨਾ ਰਚਣ ਵਾਲਾ ਹੈ, ਅਤੇ ਆਪ ਹੀ ਆਪਣੇ ਹੁਕਮ (ਆਪਣੀ ਖੇਡ ਦੀ) ਸੂਝ-ਸਮਝ ਦਿੰਦਾ ਹੈ।
ਉਹਦੀ ਕਿਰਪਾ ਦੇ ਨਾਲ ਉਹਦੀ ਰਚਨਾ ਤੇ ਹੁਕਮ ਦੀ ਸਮਝ ਪੈਂਦੀ ਹੈ।
Says Nanak, He is the Creator, and He Himself gives the understanding of His Will. ||26||

ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ ॥
simrit saastar punn paap beechaarday tatai saar na jaanee.
ਸਿਮ੍ਰਿਤੀਆਂ ਅਤੇ ਸ਼ਾਸਤਰ ਪੁੰਨਾ ਅਤੇ ਪਾਪਾਂ ਬਾਰੇ ਆਪਣੇ ਵੀਚਾਰ ਦਸਦੇ ਤੇ ਲੋਕ ਇਹਨਾ ਬਾਰੇ ਪੜ੍ਹਦ ਹਨ, ਭਰ ਸਿਰਫ਼ ਇਤਨਾ ਹੀ ਪੜ੍ਹ ਲੈਣ ਦੇ ਨਾਲ ਕਹੋ ਕਿ ਅਸਲੀਅਤ (ਨਾਮ-ਜਾਪ ਤੇ ਇਹਦਾ ਫਲ) ਸਮਝ ਗਏ ਹਾਂ, ਤਾਂ ਗੱਲ ਨਹੀ ਬਣਦੀ।
ਨਾਮ ਜਾਪ ਕਰਣ ਦਾ ਅਸਲ ਗਿਆਨ ਗੁਰੂ ਤੋਂ ਪਰਾਪਤ ਹੋਂਦਾ ਹੈ, ਉਹ ਝੱਟ ਸਮਝਾ ਦਿੰਦਾ ਹੈ ਕਿ ਇਹ ਕੰਮ ਇੱਦਾਂ ਕਰਨਾ ਹੈ।
ਸਿਮ੍ਰਿਤੀਆਂ, ਸ਼ਾਸਤਰ - ਹਿੰਦੂ ਧਰਮ ਦੀਆਂ ਪੁਰਾਤਨ, ਪਵਿੱਤਰ, ਧਾਰਮਕ ਪੁਸਤਕਾਂ।
The Simritees and the Shaastras tell about the good and bad, but only by reading it the reality of God, and of reciting His Name, cannot be known (Guru can give this practical knowledge. Simritees and Shaastras - Hindu ancient religious books)

ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ ॥
tatai saar na jaanee guroo baajhahu tatai saar na jaanee.
ਗੁਰੂ ਤੋਂ ਬਿਨਾ ਅਸਲੀਅਤ: ਨਾਮ, ਬਾਣੀ, ਅਤੇ ਪਰਮਾਤਮਾ ਦੇ ਹੁਕਮ, ਦੀ ਸਮਝ ਨਹੀ ਪੈਂਦੀ, ਸਮਝ ਪੈ ਹੀ ਨਹੀ ਸਕਦੀ।
No one can know the Truth - Essence: God and the value of reciting His Name. Without the Guru (Master), no one can know it.

ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥
tihee gunee sansaar bharam sutaa suti-aa rain vihaanee.
ਦੁਨੀਆ ਦੇ ਤਿੰਨਾਂ ਗੁਣਾ ਦੇ ਕਾਰਨ ਸੰਸਾਰ ਭਰਮ ਵਿਚ ਬੇਸੁਰਤ ਹੈ, ਅਤੇ ਸੁੱਤਿਆਂ ਹੀ ਰਾਤ (ਜ਼ਿੰਦਗੀ, ਗਿਆਨ ਤੋਂ ਬਿਨਾ) ਬਤੀਤ ਹੋ ਰਹੀ ਹੈ – ਨਾਮ ਨਹੀ ਜਪਦਾ।
ਭਰਮ – ਦਵੈਤ: ਦੋਚਿੱਤੀ, ਵਿਸ਼ਵਾਸ਼ ਨਹੀ, ਰੱਬ ਹੈ ਕਿ ਨਹੀ।
ਤਿਨ ਗੁਣ: 1. ਸਤੋ – ਸੰਤਪੁਣਾ, ਸਚਾਈ, ਪੁੰਨ, ਗੁਣ; 2. ਤਮੋ – ਤਮ੍ਹਾ, ਪਾਪ, ਝੂਠ, ਨਿੰਦਿਆ–ਚੁਗ਼ਲੀ, ਹੋਰ ਅਉਗੁਣ, ਦੁਸ਼ਟਪੁਣਾ; 3. ਰਜੋ – ਰਜਸ, ਰਾਜਿਆਂ ਵਰਗੇ ਗੁਣ, ਹੰਕਾਰ।
The world is ignorant due to doubts caused by three characteristics of the world: the worldly attachments - virtue, vile, ego.
(Three faceted world – 1. Sato: truthfulness, saint-hood, virtues. 2. Tamo: dark aspects, viles, falsehood, backbiting, meanness etc. 3. Rajo: kingly characters - ego, boasting, talking tall etc. The people are wasting lives by not rising above these 3 aspects of the world).

ਗੁਰ ਕਿਰਪਾ ਤੇ ਸੇ ਜਨ ਜਾਗੇ ਜਿਨਾ ਹਰਿ ਮਨਿ ਵਸਿਆ ਬੋਲਹਿ ਅੰਮ੍ਰਿਤ ਬਾਣੀ ॥
gur kirpaa tay say jan jaagay jinaa har man vasi-aa boleh amrit banee.
ਗੁਰੂ ਜੀ ਦੀ ਕਿਰਪਾ ਦੇ ਨਾਲ ਉਹ ਲੋਕ ਜਾਗ ਪੈਂਦੇ ਹਨ – ਪਰਮਾਤਮਾ ਅਤੇ ਨਾਮ ਦਾ ਗਿਆਨ ਹੋ ਜਾਂਦਾ ਹੈ, ਜਿਨ੍ਹਾਂ ਦੇ ਮਨ ਦੇ ਅੰਦਰ ਵਾਹਿਗੁਰੂ ਦੀ ਯਾਦ ਵੱਸ ਜਾਂਦੀ ਹੈ, ਅਤੇ ਉਹ ਅੰਮ੍ਰਿਤ ਵਰਗੀ ਬਾਣੀ ਪੜ੍ਹਦੇ ਹਨ।
ਅੰਮ੍ਰਿਤ ਬਾਣੀ – ਉੱਚੀ–ਸੁੱਚੀ, ਪਵਿੱਤਰ, ਜੀਵਨ ਦੇਣ ਵਾਲੀ ਬਾਣੀ।
By the grace of the Guru those people become aware of Him and of His Name, who have set God in their minds, and chant the Holy Scriptures.

ਕਹੈ ਨਾਨਕੁ ਸੋ ਤਤੁ ਪਾਏ ਜਿਸ ਨੋ ਅਨਦਿਨੁ ਹਰਿ ਲਿਵ ਲਾਗੈ ਜਾਗਤ ਰੈਣਿ ਵਿਹਾਣੀ ॥੨੭॥
kahai naanak so tatu paa-ay jis no an-dinu har-e liv laagai jaagat raine vihaanee. ||27||
ਨਾਨਕ ਜੀ ਕਹਿੰਦੇ ਹਨ ਕਿ ਉਸ ਨੂੰ ਅਸਲੀ ਗੱਲ ਦਾ ਪਤਾ ਲਗਦਾ ਹੈ ਕਿ ਜਿਸ ਨੂੰ ਦਿਨ–ਰਾਤ ਵਾਹਿਗੁਰੂ ਦਾ ਪਿਆਰ ਬਣਿਆ ਰਹਿੰਦਾ ਹੈ (ਲਗਨ ਦੇ ਨਾਲ ਨਾਮ ਜਪਦਾ ਹੈ) ਅਤੇ ਜਾਗ ਕੇ: ਨਾਮ ਜਪਦਾ, ਰਾਤ ਕੱਟਦਾ ਹੈ (ਚੇਤੰਨ: ਚੁਸਤ, ਹੋ ਨਾਮ ਜਪਦੇ ਜੀਵਨ ਬਤੀਤ ਕਰਦਾ ਹੈ)।
Says Nanak, only he understands the reality - realizes God, and the value of reciting His Name, who day and night remains absorbed in the Lord, and passes night (Life) awake (In His awareness). ||27||

ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੇ ਸੋ ਕਿਉ ਮਨਹੁ ਵਿਸਾਰੀਐ ॥
maataa kay udar meh partipaal karay so ki-o manhu visaaree-ai.
(ਜੋ ਕਿ) ਮਾਤਾ ਦੇ ਉਦਰ (ਪੇਟ, ਗਰਭ) ਵਿਚ ਵੀ ਪ੍ਰਿਤਪਾਲ ਕਰਦਾ, ਬੱਚੇ ਨੂੰ ਪਾਲਦਾ ਹੈ, ਉਹਨੂੰ ਦਿਲ ਵਿਚੋਂ ਕਿਉਂ ਭੁਲਾਈਏ !
(When He) takes care - nourishes, protects, in the mother’s tummy too, then why forget Him!

ਮਨਹੁ ਕਿਉ ਵਿਸਾਰੀਐ ਏਵਡੁ ਦਾਤਾ ਜਿ ਅਗਨਿ ਮਹਿ ਆਹਾਰੁ ਪਹੁਚਾਵਏ ॥
manhu ki-o visaaree-ai ayvadu daataa je agan-e mehe  aahaaru pahuchaava-ay.
ਏਡੇ ਵੱਡੇ ਦਾਤੇ, ਕਿ ਜੋ ਸਭ ਕੁਝ ਦਿੰਦਾ ਹੈ, ਨੂੰ ਆਪਣੇ ਮਨ ਤੋਂ ਕਿਉਂ ਭੁਲਾਈਏ, ਕਿ ਜੋ ਅੱਗ ਦੇ ਵਿਚ ਵੀ ਖੁਰਾਕ ਪਹੁੰਚਾਉਂਦਾ ਹੈ।

ਅਗਨ – ਪੇਟ: ਗਰਭ, ਦੀ ਅੱਗ, ਕਿ ਜੋ ਬੱਚੇ ਨੂੰ ਪਕਾਉਂਦੀ–ਬਣਾਉਂਦੀ ਹੈ; ਇਹ ਅੱਗ ਕਸ਼ਟ ਦਿੰਦੀ ਵੀ ਸਮਝੀ ਜਾਂਦੀ ਹੈ!

Why forget from the mind such a Great Giver, who nourishes us even in the fire (of the womb that makes-bakes the child. This fire is also considered to bother the child).

ਓਸ ਨੋ ਕਿਹੁ ਪੋਹਿ ਨ ਸਕੀ ਜਿਸ ਨਉ ਆਪਣੀ ਲਿਵ ਲਾਵਏ ॥
os no kihu pohi na sakee jis na-o aapnee liv laav-ay.
ਉਹਨੂੰ ਕੁਝ ਵੀ (ਦੁਖ ਦਰਦ) ਛੂਹ ਨਹੀ ਸਕਦਾ ਕਿ ਜਿਸ ਨੂੰ ਪਰਮਾਤਮਾ ਆਪਣਾ ਪਿਆਰ ਪਾ ਦਿੰਦਾ ਹੈ।

ਨਾਮ ਜਪਣ ਵਾਲਾ ਦੁਖ ਸੁਖ ਤੋਂ ਉੱਤੇ ਉੱਠ ਜਾਂਦਾ ਹੈ।

Nothing - affliction, pain, can touch one, whom the Lord gives His love (Such a person rises above afflictions).

ਆਪਣੀ ਲਿਵ ਆਪੇ ਲਾਏ ਗੁਰਮੁਖਿ ਸਦਾ ਸਮਾਲੀਐ ॥
aapnee liv aapay laa-ay gurmukh sadaa samaalee-ai.
(ਵਾਹਿਗੁਰੂ) ਆਪਣੀ ਲਗਨ ਆਪੇ ਹੀ ਲਾਉਂਦਾ ਹੈ, ਗੁਰਮੁਖ ਬਣ ਕੇ: ਗੁਰੂ ਦੇ ਹੁਕਮ ਵਿਚ ਆ ਕੇ, ਸਦਾ ਹੀ ਵਾਹਿਗੁਰੂ ਜੀ ਦੀ ਸੰਭਾਲ ਕਰਨੀ ਚਾਹੀਦੀ ਹੈ – ਨਾਮ ਜਪਣਾ ਅਤੇ ਬਾਣੀ ਪੜ੍ਹਨੀ ਚਾਹੀਦਾ ਹੈ।
The Lord Himself blesses with His love, we should become God-Oriented and take care of Him (Chant His Name, recite Gurbani).

ਕਹੈ ਨਾਨਕੁ ਏਵਡੁ ਦਾਤਾ ਸੋ ਕਿਉ ਮਨਹੁ ਵਿਸਾਰੀਐ ॥੨੮॥
kahai naanak ayvad daataa so ki-o manhu visaaree-ai. ||28||
ਨਾਨਕ ਜੀ ਕਹਿੰਦੇ ਹਨ, ਏਡੇ ਵੱਡੇ ਦਾਤੇ (ਦਾਨੀ, ਸਭ ਕੁਝ ਦੇਣ ਵਾਲੇ) ਨੂੰ ਅਸੀਂ ਮਨ ਤੋਂ ਭੁਲਾਈਏ ਕਿਉਂ!
Guru Nanak says, why forget such a Great Giver from our minds! ||28||

ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥
jaisee agan udar meh taisee baahar maa-i-aa.
ਜਿਹੋ ਜਿਹੀ ਅੱਗ ਪੇਟ ਦੇ ਅੰਦਰ ਹੈ, ਉਹੋ ਜਿਹੀ ਹੀ ਅੱਗ (ਪਕੜ) ਜਨਮ ਦੇ ਬਾਅਦ ਬਾਹਰ ਦੁਨੀਆ ਦੀ ਹੈ।

ਬੱਚੇ ਲਈ ਗਰਭ ਅੰਦਰ ਖੁਰਾਕ ਦੀ ਲਾਲਚ ਹੈ, ਖੁਰਾਕ ਬਿਨਾ ਮਰ ਜਾਵੇਗਾ। ਲੋਕਾਂ ਨੂੰ ਬਾਹਰ ਦੁਨੀਆ ਦੀਆਂ ਚੀਜ਼ਾਂ ਦੀ ਲਾਲਚ ਹੈ ਤੇ ਇਹਨਾ ਦੇ ਬਾਝ ਰਹਿ ਨਹੀ ਸਕਦੇ।

Just like fire within the womb, there is fire outside.
(Fire within the womb – heat in the womb. Greed of the child for food in the womb, without which it will die).

Fire outside - Attachment with the worldly things after birth, or greed of the

people already in the world.

ਮਾਇਆ ਅਗਨਿ ਸਭ ਇਕੋ ਜਿਹੀ ਕਰਤੈ ਖੇਲੁ ਰਚਾਇਆ ॥
maa-i-aa agan sabh iko jayhee kartai khayl rachaa-i-aa.
ਮਾਇਆ – ਸੰਸਾਰ ਦੀਆਂ ਵਸਤਾਂ ਦੀ ਲਾਲਚ, ਅਤੇ ਅੱਗ – ਪੇਟ: ਗਰਭ, ਦੀ ਪਕੜ, ਇੱਕੋ ਜਿਹੀਆਂ ਹਨ, ਇਹ ਸੱਭ ਵਾਹਿਗੁਰੂ ਜੀ ਦੀ ਰਚੀ ਹੋਈ ਖੇਡ ਹੈ।
ਮਾਂ ਦੇ ਪੇਟ ਵਿਚ ਬੱਚਾ ਆਪਣੀ ਮਾਂ ਤੇ ਪੂਰੀ ਤਰ੍ਹਾਂ ਨਿਰਭਰ ਹੁੰਦਾ ਹੈ, ਇਸ ਦੇ ਬਿਨਾ ਜੀਵ ਨਹੀ ਸਕਦਾ। ਇੰਜ ਹੀ ਬਾਹਰ ਸੰਸਾਰ ਦੇ ਵਿਚ ਲੋਕੀਂ ਦੁਨੀਆਂ ਦੀਆਂ ਚੀਜ਼ਾਂ ਤੇ ਨਿਰਭਰ ਹਨ, ਭਰ ਪਰਮਾਤਮਾਂ ਤੇ ਭਰੋਸਾ ਨਹੀ ਬੰਨ੍ਹਦੇ।
The worldly attachments and the fire (of the womb) are one and the same, all this is the play of the Lord.
(When in the womb, a child is fully dependent on its mother, and without her it will die. Similarly, people outside become deeply attached to the worldly things, and do not depend (have faith) on God).

ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ ॥
jaa tis bhaanaa taa jammi-aa parvaar bhalaa bhaa-i-aa.
ਜੱਦ ਪਰਮਾਤਮਾ ਦਾ ਹੁਕਮ ਹੋਇਆ ਤਾਂ ਬੰਦਾ ਜਨਮਿਆ, ਗਰਭ ਚੋਂ ਬਾਹਰ ਆਇਆ, ਪਰਵਾਰ ਨੂੰ ਇਹਦੀ ਖੁਸ਼ੀ ਹੋਈ।
He Wills and the child gets born (Comes out of womb), and this delights the family.

ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥
liv chhurhkee lagee tarisnaa maa-i-aa amar vartaa-i-aa.
ਜਨਮ ਲੈਂਦੇ ਹੀ ਵਾਹਿਗੁਰੂ ਦੇ ਨਾਲ ਲੱਗਿਆ ਹੋਇਆ ਧਿਆਨ ਛੁੜਕ: ਟੁੱਟ, ਗਿਆ, ਦੁਨੀਆ ਦੀਆਂ ਵਸਤਾਂ ਦੀ ਪਿਆਸ ਲੱਗ ਗਈ, ਪਰਮਾਤਮਾ ਨੇ ਅਜਿਹਾ ਹੁਕਮ ਵਰਤਾ ਦਿੱਤਾ।
ਵਾਹਿਗੁਰੂ ਦੇ ਹੁਕਮ ਵਿਚ ਮਾਇਆ ਨੇ ਐਸਾ ਚੱਕਰ ਚਲਾ ਦਿੱਤਾ ਹੈ ਕਿ ਜਨਮਦੇ ਹੀ ਪਰਮਾਤਮਾ ਭੁਲ ਜਾਂਦਾ ਹੈ।
(On birth) the love for the Lord disappears, child becomes attached to the worldly desires, such is the Will of God. (The worldly attachments have such an attraction, that God is forgotten right after birth).

ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ ॥
ayh maa-i-aa jitu har-e visrai mohu upjai bhaa-o doojaa laa-i-aa.
ਜਨਮ ਦੇ ਬਾਅਦ, ਇਹ ਮਾਇਆ: ਸੰਸਾਰ ਦੀਆਂ ਵਸਤਾਂ ਦੀ ਪਕੜ ਐਸੀ ਹੈ ਕਿ ਜੋ ਪਰਮਾਤਮਾ ਨੂੰ ਭੁੱਲਾ ਦਿੰਦੀ ਹੈ, ਫ਼ੇਰ ਇਹਨੂੰ ਪਰਵਾਰ ਤੇ ਸੰਸਾਰ ਦਾ ਮੋਹ ਲੱਗ ਜਾਂਦਾ ਹੈ, ਅਤੇ ਪਰਮਾਤਮਾ ਨੂੰ ਛੱਡ ਕੇ ਪਿਆਰ ਹੋਰ ਚੀਜ਼ਾਂ ਦੇ ਨਾਲ ਬਣ ਜਾਂਦਾ ਹੈ।
(After birth) due to attachment to the worldly things, the Lord is forgotten, attachment arises (for the family and the world), and love develops with other

things (but, not with God).

ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ ਤਿਨੀ ਵਿਚੇ ਮਾਇਆ ਪਾਇਆ ॥੨੯॥
kahai naanak gur parsaadee jinaa liv laagee tinee vichay maa-i-aa paa-i-aa. ||29||
ਨਾਨਕ ਜੀ ਕਹਿੰਦੇ ਹਨ, ਗੁਰੂ ਮਹਾਰਾਜ ਦੀ ਕਿਰਪਾ ਦੇ ਨਾਲ ਜਿਨ੍ਹਾ ਨੂੰ (ਵਾਗਿਰੂ ਦੇ ਨਾਲ) ਪਿਆਰ ਪੈ ਜਾਂਦਾ ਹੈ, ਉਹਨਾ ਨੂੰ ਮਾਇਆ ਵਿਚ ਹੀ – ਦੁਨੀਆ ਦੀਆਂ ਚੀਜ਼ਾਂ ਹੰਡਾਉਂਦੇ, ਪਰਮਾਤਮਾ ਮਿਲ ਜਾਂਦਾ ਹੈ, ਉਹਦਾ ਗਿਆਨ ਹੋ ਜਾਂਦਾ ਹੈ।
Guru Nanak says, by the Guru's (God's) Grace, those who develop His love, realize (Understand) Him while enjoying the worldly things. ||29||

ਹਰਿ ਆਪਿ ਅਮੁਲਕੁ ਹੈ ਮੁਲਿ ਨ ਪਾਇਆ ਜਾਇ ॥
har aap amulak hai mul na paa-i-aa jaa-ay.
ਪਰਮਾਤਮਾ ਅਮੁੱਲਕ ਹੈ – ਜਿਸ ਦੀ ਕੋਈ ਕੀਮਤ ਨਹੀ ਪਾ ਸਕਦਾ, ਇਹਦੀ ਕੀਮਤ ਪਾਈ ਨਹੀ ਜਾ ਸਕੀਦੀ (ਮੁਲ ਮਿਲਦਾ ਨਹੀ)।
The Lord is priceless, His price cannot be estimated (None can get Him: understand Him, by paying a price).

ਮੁਲਿ ਨ ਪਾਇਆ ਜਾਇ ਕਿਸੈ ਵਿਟਹੁ ਰਹੇ ਲੋਕ ਵਿਲਲਾਇ ॥
mul na paa-i-aa jaa-ay kisai vitahu rahay lok villaa-ay.
ਕਿਸੇ ਤੋਂ ਵੀ ਇਹਦੀ ਕੀਮਤ ਨਹੀ ਪਾਈ ਜਾ ਸਕਦੀ ਲੋਕ ਕਲਪ: ਵਿਲਕ, ਖੱਪ ਖੱਪ, ਜਤਨ ਕਰ ਕੇ ਹਾਰ ਗਏ ਹਨ। (ਕੋਈ ਰੱਬ ਨੂੰ ਮੁਲ ਨਹੀ ਲੈ ਸਕਦਾ)।
His worth cannot be known or estimated the people got tired of trying it (None can have Him at a price).

ਐਸਾ ਸਤਿਗੁਰੁ ਜੇ ਮਿਲੈ ਤਿਸ ਨੋ ਸਿਰੁ ਸਉਪੀਐ ਵਿਚਹੁ ਆਪੁ ਜਾਇ ॥
aisaa satguru jay milai tis no siru sa-upee-ai vichahu aapu jaa-ay.
ਜੇ ਕਰ ਅਜਿਹਾ ਸਤਿਗੁਰੂ ਮਿਲ ਜਾਵੇ, ਉਹਨੂੰ ਆਪਣਾ ਸਿਰ ਭੇਟ ਕਰ ਦਈਏ, ਤਾਂ ਜੋ ਆਪਣੇ ਮਨ ਤੋਂ ਹੰਕਾਰ ਮਿਟ ਜਾਵੇ।
ਅਜਿਹਾ ਸਤਿਗੁਰੂ ਜਿਸ ਦੀ ਕਿਰਪਾ ਦੇ ਨਾਲ ਪਰਮਾਤਮਾ ਮਿਲ ਜਾਵੇ, ਉਹਦੇ ਤੋਂ ਕੁਰਬਾਨ ਹੋ ਜਾਈਏ, ਉਹਦੇ ਚਰਨੀ ਪੈ ਜਾਈਏ। ਸਤਿਗੁਰੂ ਤੋਂ ਸਮਝ ਆ ਜਾਂਦੀ ਹੈ ਕਿ ਕੀਮਤ ਦੇ ਕੇ, ਆਪਣੇ ਜਤਨਾ ਦੇ ਨਾਲ, ਪਰਮਾਤਮਾ ਮਿਲ ਨਹੀ ਸਕਦਾ। ਇਹ ਸਮਝ ਜਾਣ ਦੇ ਨਾਲ ਨਿਮਰਤਾ ਆ ਜਾਂਦੀ ਹੈ, ਵਾਹਿਗੁਰੂ ਦੀ ਕਿਰਪਾ ਉੱਤੇ ਭਰੋਸਾ ਬਣ ਜਾਂਦਾ ਹੈ।
If you meet such a True Guru who, with his grace, can make you realize God, offer your head to Him: surrender to him, this will clean your mind of ego. (Your ego will leave you on realizing that you cannot reach God by your own efforts, or by paying a price. This understanding will bring humility, and faith in the Kindness of God will develop).

ਜਿਸ ਦਾ ਜੀਉ ਤਿਸੁ ਮਿਲਿ ਰਹੈ ਹਰਿ ਵਸੈ ਮਨਿ ਆਇ ॥
jis daa jee-o tis mil rahai har vasai manne aa-ay.
(ਫ਼ੇਰ, ਹੰਕਾਰ ਮਿਟ ਕੇ) ਜਿਸ ਦੀ ਇਹ ਜੀਵਆਤਮਾ: ਜੀਵ ਹੈ, ਉਹਦੇ (ਪਰਮਾਤਮਾ ਦੇ) ਨਾਲ ਮਨੁਖ ਮਿਲਿਆ ਰਹੇ, ਨਾਮ ਜਪੇ, ਤੱਦ ਵਾਹਿਗੁਰੂ ਜੀ ਮਨ ਦੇ ਅੰਦਰ ਆ ਟਿਕਦੇ ਹਨ (ਮਨ ਦੇ ਅੰਦਰ ਵਾਹਿਗੁਰੂ ਦੀ ਡੂੰਘੀ ਯਾਦ ਬਣ ਜਾਂਦੀ ਹੈ)।
After ego goes away, if you keep your soul attached to God: keep reciting His Name, then He comes to stay in your mind, you keep in the deep remembrance of God.

ਹਰਿ ਆਪਿ ਅਮੁਲਕੁ ਹੈ ਭਾਗ ਤਿਨਾ ਕੇ ਨਾਨਕਾ ਜਿਨ ਹਰਿ ਪਲੈ ਪਾਇ ॥੩੦॥
har-e aape amulaku hai bhaag tinaa kay naankaa jin har-e pallai paa-ay. ||30||
ਨਾਨਕ ਜੀ ਕਹਿੰਦੇ ਹਨ ਕਿ ਪਰਮਾਤਮਾ ਕਿਸੇ ਵੀ ਕੀਮਤ ਤੋਂ ਪਰ੍ਹੇ ਹੈ, ਅਤੇ ਉਹਨਾ ਦੀ ਚੰਗੀ ਕਿਸਮਤ ਹੈ ਕਿ ਜਿਨ੍ਹਾਂ ਨੂੰ ਸਤਿਗੁਰੂ ਦੀ ਕਿਰਪਾ ਦੇ ਨਾਲ ਪਰਮਾਤਮਾ ਮਿਲ ਜਾਂਦਾ ਹੈ।
Nanak says, the Lord is priceless, and fortunate are those who reach God - realize the Lord through the Kindness of the Guru: True Master. ||30||

ਹਰਿ ਰਾਸਿ ਮੇਰੀ ਮਨੁ ਵਣਜਾਰਾ ॥
har raas mayree man vanjaaraa.
ਵਾਹਿਗੁਰੂ ਜੀ ਮੇਰੀ ਪੂੰਜੀ ਹਨ, ਅਤੇ ਮੇਰਾ ਮਨ ਇਹਨਾ ਦਾ ਹੀ ਬਿਉਪਾਰੀ ਹੈ: ਮੈਂ ਇਹਨਾ ਦਾ ਹੀ ਸੌਦਾ ਕਰਦਾ ਹਾਂ – ਮੇਰਾ ਇਹਨਾ ਦੇ ਨਾਲ ਹੀ ਵਿਉਹਾਰ ਹੈ, ਮੈਂ ਇਹਨਾ ਦਾ ਹੀ ਖੋਜੀ ਹਾਂ, ਨਾਮ ਜਪਣਾ ਹੀ ਮੇਰਾ ਕੰਮ ਹੈ।
The Lord is my capital (Investment) and my mind is the merchant (My trade is remembering God, chanting His Name is my business).

ਹਰਿ ਰਾਸਿ ਮੇਰੀ ਮਨੁ ਵਣਜਾਰਾ ਸਤਿਗੁਰ ਤੇ ਰਾਸਿ ਜਾਣੀ ॥
har raas mayree man vanjaaraa satgur tay raas jaanee.
ਪਰਮਾਤਮਾ (ਨਾਮ) ਮੇਰੀ ਪੂੰਜੀ ਹਨ, ਅਤੇ ਮੇਰਾ ਮਨ ਇਹਨਾ ਦਾ ਹੀ ਬਿਉਪਾਰੀ ਹੈ (ਨਾਮ ਜਾਪ ਦਾ), ਅਤੇ ਇਹਦੀ ਸਮਝ ਮੈਨੂੰ ਸਤਿਗੁਰੂ ਜੀ ਤੋਂ ਆਈ ਹੈ।
The Lord is my capital: reciting the Name of God is my Investment, and my mind is its merchant (My mind is fixed on God's Name, I recite His Name). I came to know about my capital (God, chanting His Name) from the True Guru.

ਹਰਿ ਹਰਿ ਨਿਤ ਜਪਿਹੁ ਜੀਅਹੁ ਲਾਹਾ ਖਟਿਹੁ ਦਿਹਾੜੀ ॥
har-e har-e nit japihu jee-ahu laahaa khatihu dihaarhee.
ਜੀਵ ਆਤਮਾਉ: ਗੁਰਮੁਖੋ, ਹਮੇਸ਼ਾ ਹੀ ਵਾਹਿਗੁਰੂ, ਵਾਹਿਗੁਰੂ, ਜਪਦੇ ਰਹੋ, ਅਤੇ ਹਰ ਦਿਨ ਇਹ ਲਾਭ ਉਠਾਉਂਦੇ ਰਹੋ – ਇਸ ਮਨੁਖਾ ਜਨਮ ਦਾ ਇਹ ਹੀ ਲਾਭ ਹੈ।
O people, always chant the Lord's Name, and every day make bargain of this human life.

ਏਹੁ ਧਨੁ ਤਿਨਾ ਮਿਲਿਆ ਜਿਨ ਹਰਿ ਆਪੇ ਭਾਣਾ ॥
ayhu Dhan tinaa mili-aa jin har aapay bhaanaa.
ਇਹ ਧਨ (ਨਾਮ ਧਨ) ਉਹਨਾ ਨੂੰ ਮਿਲਦਾ ਹੈ: ਨਾਮ ਉਹ ਜਪਦੇ ਹਨ, ਕਿ ਜਿਨ੍ਹਾਂ ਲਈ ਪਰਮਾਤਮਾ ਦਾ ਮਨ ਕਰਦਾ ਹੈ – ਜੋ ਪਰਮਾਤਮਾ ਨੂੰ ਪਰਵਾਨ, ਮਨਜ਼ੂਰ, ਹੁੰਦੇ ਹਨ।
This wealth (Recitation of God's Name) is obtained by those to whom the Lord Wills.

ਕਹੈ ਨਾਨਕੁ ਹਰਿ ਰਾਸਿ ਮੇਰੀ ਮਨੁ ਹੋਆ ਵਣਜਾਰਾ ॥੩੧॥
kahai naanaku har-e raase mayree mannu ho-aa vanjaaraa. ||31||
ਨਾਨਕ ਜੀ ਕਹਿੰਦੇ ਹਨ, ਮੇਰੀ ਰਾਸ, ਪੂੰਜੀ, ਪਰਮਾਤਮਾ ਤੇ ਉਹਦਾ ਨਾਮ ਹੈ, ਅਤੇ ਮਨ ਇਸ ਦਾ ਵਿਉਪਾਰੀ (ਨਾਮ ਜਪਣ ਵਾਲਾ) ਹੈ।
Nanak says, the Lord, His Name, is my investment, and my mind is its merchant: I chant His Name. ||31||

ਏ ਰਸਨਾ ਤੂ ਅਨ ਰਸਿ ਰਾਚਿ ਰਹੀ ਤੇਰੀ ਪਿਆਸ ਨ ਜਾਇ ॥
ay rasnaa too ann rasse raache rahee tayree pi-aas na jaa-ay.
ਐ ਜੀਭਾ (ਜ਼ਬਾਨ), ਤੂੰ ਹੋਰ ਸਵਾਦਾਂ ਵਿਚ ਪਈ ਹੋਈ ਹੈਂ (ਸੰਸਾਰ ਦੇ ਮੋਹ ਵਿਚ ਨਾਮ ਜਾਪ ਭੁਲਿਆ ਹੋਇਆ ਹੈ), ਅਤੇ ਤੇਰੀ ਪਿਆਸ ਨਹੀ ਮਿਟਦੀ – ਮਨ ਭਟਕਦਾ ਹੈ, ਸ਼ਾਂਤੀ ਨਹੀ ਮਿਲਦੀ।
O tongue, you are enjoying other tastes and your thirst does not go away (You are attached to the worldly things, you do not recite His Name, the desires of mind do not leave you).

ਪਿਆਸ ਨ ਜਾਇ ਹੋਰਤੁ ਕਿਤੈ ਜਿਚਰੁ ਹਰਿ ਰਸੁ ਪਲੈ ਨ ਪਾਇ ॥
pi-aas na jaa-ay horatu kitai jicharu har-e rassu palai na paa-ay.
ਇਹ (ਵਸਤਾਂ ਦੀ) ਭੁਖ–ਤਰੇਹ ਜਾ ਨਹੀ ਸਕਦੀ ਕਿਸੇ ਹੋਰ ਗੱਲੋਂ ਕਿ ਜੱਦ ਤੱਕ ਵਾਹਿਗੁਰੁ ਦਾ ਪਰੇਮ ਆਪਣੇ ਪੱਲੇ ਨਹੀ ਬਨ੍ਹਦਾ।
ਜੱਦ ਤੱਕ ਇਹ ਪਰੇਮ ਗੁਰੁ ਤੋਂ ਆਪਣੀ ਝੋਲੀ ਵਿਚ ਪਵਾਉਂਦਾ ਨਹੀ, ਨਾਮ ਨਹੀ ਜਪਦਾ, ਤੱਦ ਤੱਕ ਤੇਰੀ ਇਹ ਪਿਆਸ ਤੈਨੂੰ ਛਡੇਗੀ ਨਹੀ। ਗੁਰੂ ਦਾ ਦਰ ਛੱਡਕੇ ਕਿਸੇ ਹੋਰ ਥਾਂ ਤੋਂ, ਗੁਰੂ ਦੀ ਕਿਰਪਾ ਅਤੇ ਨਾਮ ਜਾਪ ਤੋਂ ਬਿਨਾ, ਰੱਬ ਨਹੀ ਮਿਲੇਗਾ।
This thirst cannot go away by any means until you develop the love for God. (Till you do not understand His love from the Guru, without his Kindness and recitation of the Name of God, you cannot reach the Lord).

ਹਰਿ ਰਸੁ ਪਾਇ ਪਲੈ ਪੀਐ ਹਰਿ ਰਸੁ ਬਹੁੜਿ ਨ ਤ੍ਰਿਸਨਾ ਲਾਗੈ ਆਇ ॥
har ras paa-ay palai pee-ai har ras bahurh na tarisnaa laagai aa-ay.
(ਬੰਦਾ) ਪਰਮਾਤਮਾ ਦਾ ਰਸ (ਪਰੇਮ) ਆਪਣੇ ਪੱਲੇ ਬਨ੍ਹ ਲਵੇ, ਮਨ ਵਿਚ ਪੈਦਾ ਕਰ ਲਵੇ, ਵਾਹਿਗੁਰੁ ਦਾ ਪਰੇਮ ਪੀਵੇ: ਨਾਮ ਜਪੇ, ਤਾਂ ਮੁੜ ਤਰੇਹ ਪਦਾਰਥਾਂ ਦੀ ਨਹੀ ਲੱਗਦੀ, ਸ਼ਾਂਤੀ ਮਿਲ ਜਾਂਦੀ ਹੈ।
If you obtain the Essence: develop love for the Lord, and drink this i.e. recite His

Name, you shall not be thirsty again - desires will not bother you, you will get the peace of mind.

ਏਹੁ ਹਰਿ ਰਸੁ ਕਰਮੀ ਪਾਈਐ ਸਤਿਗੁਰੁ ਮਿਲੈ ਜਿਸੁ ਆਇ ॥
ayhu har ras karmee paa-ee-ai satgur milai jis aa-ay.
ਇਹ ਵਾਹਿਗੁਰੂ ਦਾ ਰਸ – ਨਾਮ, ਚੰਗੇ ਭਾਗਾਂ ਦੇ ਨਾਲ ਮਿਲਦਾ ਹੈ ਕਿ ਜਿਸ ਨੂੰ ਸਤਿਗੁਰੂ ਜੀ ਮਿਲ ਪੈਣ, ਭਾਵ ਨਾਮ ਜਾਪ ਦੇ ਉਪਦੇਸ਼ ਦੀ ਕਿਰਪਾ ਹੋ ਜਾਵੇ।
The Essence: Name of the Lord, His love, is obtained by good luck, good deeds, when the True Guru: the True Master, meets (and tells you to recite the Name of God).

ਕਹੈ ਨਾਨਕੁ ਹੋਰਿ ਅਨ ਰਸ ਸਭਿ ਵੀਸਰੇ ਜਾ ਹਰਿ ਵਸੈ ਮਨਿ ਆਇ ॥੩੨॥
kahai naanaku hor-e ann rass sabhe veesray jaa har-e  vasai manne aa-ay. ||32||
ਨਾਨਕ ਜੀ ਕਹਿੰਦੇ ਹਨ, ਹੋਰ ਹੋਰ – ਮਾੜੇ, ਦੁਨੀਆ ਦੇ, ਸਾਰੇ ਸਵਾਦ ਭੁੱਲ ਜਾਂਦੇ ਹਨ ਜਦ ਪਰਮਾਤਮਾ ਜੀ ਮਨ ਦੇ ਅੰਦਰ ਵੱਸ ਜਾਣ।
Says Nanak, all other tastes - longings, desires, disappear when God - His remembrance, chanting His Name, occupies the mind. ||32||

ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ ॥
ay sareeraa mayri-aa har-e tum meh jote rakhee taa too jagg mehe aa-i-aa.
ਐ ਮੇਰੇ ਸਰੀਰ, ਵਾਹਿਗੁਰੂ ਜੀ ਨੇ ਤੇਰੇ ਵਿਚ ਆਪਣੀ ਜੋਤੀ (ਆਤਮਾ) ਪਾਈ, ਅਤੇ ਤਾਂ ਤੂੰ ਦੁਨੀਆ ਵਿਚ ਜਨਮ ਲਿਆ।
O my body, the Lord put awareness (Soul) into you, and then you came into the world.

ਹਰਿ ਜੋਤਿ ਰਖੀ ਤੁਧੁ ਵਿਚਿ ਤਾ ਤੂ ਜਗ ਮਹਿ ਆਇਆ ॥
har jot rakhee tuDh vich taa too jag meh aa-i-aa.
ਵਾਹਿਗੁਰੂ ਨੇ ਤੇਰੇ ਵਿਚ ਆਪਣੀ ਜੋਤ (ਆਤਮਾ) ਪਾਈ ਤਾਂ ਤੂੰ ਸੰਸਾਰ ਦੇ ਵਿਚ ਜਨਮ ਲਿਆ।
The Lord put soul into you, and then you came into the world.

ਹਰਿ ਆਪੇ ਮਾਤਾ ਆਪੇ ਪਿਤਾ ਜਿਨਿ ਜੀਉ ਉਪਾਇ ਜਗਤੁ ਦਿਖਾਇਆ ॥
har aapay maataa aapay pitaa jin jee-o upaa-ay jagat dikhaa-i-aa.
ਵਾਹਿਗੁਰੂ ਜੀ ਆਪ ਹੀ ਤੇਰੇ ਮਾਤਾ–ਪਿਤਾ ਹਨ ਕਿ ਜਿਨ੍ਹਾ ਨੇ ਤੇਰੇ ਵਿਚ ਆਪਣੀ ਜੋਤ (ਆਤਮਾ) ਪਾਈ (ਤੂੰ ਜਨਮਿਆ) ਅਤੇ ਤੈਨੂੰ ਉਹਨਾ ਨੇ ਸੰਸਾਰ ਦੀ ਆਪਣੀ ਖੇਡ ਦਿਖਾਈ।
ਤੂੰ ਨਿਰਾ ਆਪਣੇ ਮਾਤਾ–ਪਿਤਾ ਦੇ ਕਾਰਣ ਹੀ ਨਹੀ, ਪਰਮਾਤਮਾ ਦੀ ਕਿਰਪਾ ਕਰਕੇ ਜਨਮਿਆ ਹੈਂ, ਪਰਮਾਤਮਾ ਤੇਰੇ ਸੱਚਾ ਮਾਤਾ–ਪਿਤਾ ਹਨ।
The Lord Himself is your real mother and father, He put soul into you (You were born), and showed you His play of Creation. (You are not simply because of your

mother and father, but the Lord who put soul into you is your Real Parents).

ਗੁਰ ਪਰਸਾਦੀ ਬੁਝਿਆ ਤਾ ਚਲਤੁ ਹੋਆ ਚਲਤੁ ਨਦਰੀ ਆਇਆ ॥
gur parsaadee bujhi-aa taa chalat ho-aa chalat nadree aa-i-aa.
ਜੱਦ ਗੁਰੂ ਦੀ ਕਿਰਪਾ ਦੇ ਨਾਲ ਇਹ ਗਿਆਨ ਹੋਇਆ – ਕਿ ਸਭ ਕੁਝ ਪਰਮਾਤਮਾ ਹੈ, ਫ਼ੇਰ ਚਲਤ ਹੋਆ: ਇਹ ਖੇਡ ਬਣੀ, ਸੰਸਾਰ ਦੀ ਖੇਡ ਦੀ ਸਮਝ ਆਈ।
ਜੱਦ ਗਿਆਨ ਹੋਇਆ ਕਿ ਇਹਦੇ ਧਰਤੀ ਉੱਤੇ ਆਉਣ ਦਾ ਕਾਰਨਣ ਪਰਮਾਤਮਾ ਹੈ, ਫ਼ੇਰ ਸਮਝ ਆਈ ਕਿ ਇਹ ਬੰਦਾ ਆਪ ਅਤੇ ਹੋਰ ਸਾਰੀ ਰਚਨਾ ਵਾਹਿਗੁਰੂ ਦੀ ਬਣਾਈ ਹੋਈ ਹੈ, ਅਤੇ ਇਸ ਨੂੰ ਪਰਮਾਤਮਾ ਹੀ ਚਲਾ ਰਿਹਾ ਹੈ।
When, by the kindness of the Guru: the Master, he had realization that he was created by His Grace, then the true play started i.e. its understanding came that he himself and whole of the Creation is His own play.

ਕਹੈ ਨਾਨਕੁ ਸ੍ਰਿਸਟਿ ਕਾ ਮੂਲੁ ਰਚਿਆ ਜੋਤਿ ਰਾਖੀ ਤਾ ਤੂ ਜਗ ਮਹਿ ਆਇਆ ॥੩੩॥
kahai naanaku sarisat-e kaa moolu rachi-aa jote raakhee taa too jagg mehe aa-i-aa. ||33||
ਨਾਨਕ ਜੀ ਕਹਿੰਦੇ ਹਨ ਕਿ ਜੱਦ ਪਰਮਾਤਮਾ ਨੇ ਸੰਸਾਰ ਦੀ ਰਚਨਾ ਦਾ ਆਰੰਭ ਕੀਤਾ, ਜੀਵਾਂ ਦੇ ਵਿਚ ਆਪਣੀ ਜੋਤ (ਆਤਮਾ) ਪਾਈ, ਤਾਂ ਇਹ ਸਭ ਕੁਝ ਸੰਸਾਰ ਦੇ ਵਿਚ ਆਇਆ।
Says Nanak, when God started His Creation, he put soul into everything then the beings came into the world. ||33||

ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ ॥
man chaa-o bha-i-aa parabh aagam suni-aa.
ਮਨ ਦੇ ਵਿਚ ਚਾਉ ਬਣ ਗਿਆ ਹੈ ਇਹ ਸੁਣ ਕੇ ਕਿ ਵਾਹਿਗੁਰੂ ਜੀ ਆ ਰਹੇ ਹਨ।
ਖੁਸ਼ੀ ਹੈ ਇਹ ਮਹਸੂਸ ਕਰਕੇ ਕਿ ਪਰਮਾਤਮਾ ਮਨ ਦੇ ਅੰਦਰ ਵੱਸ, ਮਨ ਵਾਹਿਗੁਰੂ ਤੇ ਟਿਕ ਰਹਾ ਹੈ, ਪਰਮਾਤਮਾ ਕਿਰਪਾ ਕਰ ਰਿਹਾ ਹੈ, ਪਰਮਾਤਮਾ ਬਾਰੇ ਸਮਝ ਆ ਰਹੀ ਹੈ)।
The mind is elated (Joyful) to hear that God is coming. (The mind is in joy to realize that Name: the remembrance of God, is settling down in the mind, He is caring, His understanding is coming).

ਹਰਿ ਮੰਗਲੁ ਗਾਉ ਸਖੀ ਗ੍ਰਿਹੁ ਮੰਦਰੁ ਬਣਿਆ ॥
har mangalu gaa-o sakhee grihu mandaru bani-aa.
ਮੇਰੇ ਸੰਗੀ–ਸਾਥੀਓ: ਗੁਰਮੁਖੋ, ਖੁਸ਼ੀ ਦੇ, ਪਰਮਾਤਮਾ ਦੀ ਤਾਰੀਫ਼ ਦੇ ਗੀਤ ਗਾਉ, ਮੇਰਾ ਘਰ (ਮਨ) ਮੰਦਰ – ਰੱਬ ਦੇ ਠਹਿਰਣ ਦੀ ਥਾਂ, ਬਣ ਗਿਆ ਹੈ।
My friends, sing the songs of joy: the Lord's praise, because my mind has become a place for Him to stay.

ਹਰਿ ਗਾਉ ਮੰਗਲੁ ਨਿਤ ਸਖੀਏ ਸੋਗੁ ਦੂਖੁ ਨ ਵਿਆਪਏ ॥
har gaa-o mangalu nit sakhee-ay sogu dookhu na vi-aapa-ay.
ਸੰਗੀਉ, ਹਰ ਵਕਤ ਵਾਹਿਗੁਰੂ ਜੀ ਦੇ ਗੁਣ ਗਾਉ, ਇਹਦੇ ਨਾਲ ਦੁਖ-ਗ਼ਮੀ ਨਹੀ ਹੋਵੇਗਾ।
My friends (Companions), always sing His praise, by this you will not get any sorrow and suffering.

ਗੁਰ ਚਰਨ ਲਾਗੇ ਦਿਨ ਸਭਾਗੇ ਆਪਣਾ ਪਿਰੁ ਜਾਪਏ ॥
gur charan laagay din sabhaagay aapnaa pir jaap-ay.
ਉਹ ਦਿਨ ਕਰਮਾ ਵਾਲਾ ਹੈ ਕਿ ਜੱਦ ਗੁਰੂ ਜੀ ਦੇ ਚਰਨੀ ਲੱਗ ਜਾਈਏ, ਸ਼ਰਨ ਆਈਏ, ਅਤੇ ਇਹਨਾ ਤੋਂ ਆਪਣੇ ਪਤੀ (ਪਰਮਾਤਮਾ) ਦਾ ਗਿਆਨ ਹੋ ਜਾਏ।
Blessed is the day, when I get attached to the Guru's feet (Come to the protection of, surrender to Him), and realize (Understand) my Real Spouse: God.

ਅਨਹਤ ਬਾਣੀ ਗੁਰ ਸਬਦਿ ਜਾਣੀ ਹਰਿ ਨਾਮੁ ਹਰਿ ਰਸੁ ਭੋਗੋ ॥
anhat banee gur sabad jaanee har naam har ras bhogo.
ਅਨਹਤ ਬਾਣੀ ਦਾ ਗਿਆਨ ਗੁਰੂ ਦੇ ਸ਼ਬਦ (ਨਾਮ ਜਾਪ, ਬਾਣੀ ਪੜ੍ਹਣ) ਦੇ ਨਾਲ ਹੋਇਆ ਹੈ, ਅਤੇ ਹੁਣ ਪਰਮਾਤਮਾ ਦੇ ਨਾਮ ਜਪਣ ਦਾ ਹਰ ਰਸ, ਰੱਬੀ ਅਨੰਦ, ਮਾਣ ਰਿਹਾ ਹਾਂ।
ਅਨਹਤ-ਬਾਣੀ - ਅਨਹਦ-ਬਾਣੀ। ਇਹਨੂੰ ਅਨਹਤ-ਸ਼ਬਦ ਵੀ ਕਹਿੰਦੇ ਹਨ। ਅਨਹਤ: ਬਿਨਾ ਕਾਰਣ ਆਵਾਜ਼, ਲਗਾਤਾਰ ਬਾਣੀ - ਸ਼ਬਦ, ਲਗਾਤਾਰ ਬਾਣੀ ਦਾ ਅਟੁਟ ਵੇਗ। ਪਰਮਾਤਮਾ ਦੇ ਨਾਮ ਦੀ ਰੱਬੀ ਆਵਾਜ਼।
I have come to understand the Anhat-Bani (Celestial Sound) by the recitation of the Shabad: the Name of God, Scriptures. And now, by reciting His Name, I enjoy the Essence - remembrance of the Lord.
(Anhat-Bani, Anhad-Bani – Also called Anhat-Shabad. Anhat - sound without cause, continuous sound, Bani or Shabad. Continuous Holy Sound of the Name of God - Celestial Sound).

ਕਹੈ ਨਾਨਕੁ ਪ੍ਰਭੁ ਆਪਿ ਮਿਲਿਆ ਕਰਣ ਕਾਰਣ ਜੋਗੋ ॥੩੪॥
kahai naanak parabh aap mili-aa karan kaaran jogo. ||34||
ਨਾਨਕ ਜੀ ਕਹਿੰਦੇ ਹਨ ਕਿ ਇਸ ਤਰ੍ਹਾਂ (ਨਾਮ ਜਪ ਕੇ) ਵਾਹਿਗੁਰੂ ਜੀ ਆਪ ਮਿਲ ਪਏ ਹਨ ਕਿ ਜੋ ਸਭ ਕੁਝ ਕਰ ਸਕਣ ਵਾਲੇ ਹਨ।
ਸਭ ਕੁਝ ਕਰ ਸਕਣ ਵਾਲੇ ਵਾਹਿਗੁਰੂ ਦੇ ਬਾਰੇ ਜਾਣਕਾਰੀ ਹੋ ਗਈ ਹੈ, ਪਰਮਾਤਮਾ ਨੂੰ ਪਰਵਾਨ - ਮਨਜ਼ੂਰ ਹੋ ਗਏ ਹਨ।
Says Nanak, this way: by reciting His Name, God who can do every thing, met him. (God became accessible to Him, he realized i.e. understood Him). ||34||

ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇ ਕੈ ਕਿਆ ਤੁਧੁ ਕਰਮ ਕਮਾਇਆ ॥
ay sareeraa mayri-aa is jagg meh aa-ay kai ki-aa tuDh karam kamaa-i-aa.
ਐ ਮੇਰੇ ਸਰੀਰ, ਇਸ ਦੁਨੀਆ ਵਿਚ ਆ ਕੇ ਤੂੰ ਕੀਹੋ ਜਿਹੇ ਕੰਮ ਕੀਤੇ ਹਨ!
O my body, after coming into this world, what sort of deeds you have done!

ਕਿ ਕਰਮ ਕਮਾਇਆ ਤੁਧੁ ਸਰੀਰਾ ਜਾ ਤੂ ਜਗ ਮਹਿ ਆਇਆ ॥
ke karam kamaa-i-aa tuDh sareeraa jaa too jagg meh aa-i-aa.
ਕੀ ਕੰਮ ਕੀਤੇ ਹਨ ਮੇਰੇ ਸਰੀਰਾ, ਇਸ ਸੰਸਾਰ ਦੇ ਵਿਚ ਆ ਕੇ!
What deeds you have done, O my body, after coming into this world!

ਜਿਨਿ ਹਰਿ ਤੇਰਾ ਰਚਨੁ ਰਚਿਆ ਸੋ ਹਰਿ ਮਨਿ ਨ ਵਸਾਇਆ ॥
jin har tayraa rachan rachi-aa so har manne na vasaa-i-aa.
ਜਿਸ ਪਰਮਾਤਮਾ ਨੇ ਤੈਨੂੰ ਬਣਾਇਆ ਹੈ, ਉਸ ਨੂੰ ਤੂੰ ਆਪਣੇ ਮਨ ਦੇ ਅੰਦਰ ਵਸਾਇਆ ਹੀ ਨਹੀ (ਉਹਦਾ ਨਾਮ ਨਹੀ ਜਪਿਆ)।
The Lord who created you, you have not placed Him into your mind (You do not remember Him).

ਗੁਰ ਪਰਸਾਦੀ ਹਰਿ ਮੰਨਿ ਵਸਿਆ ਪੂਰਬਿ ਲਿਖਿਆ ਪਾਇਆ ॥
gur parsaadee har manne vasi-aa poorab likhi-aa paa-i-aa.
ਪਿਛਲੇ ਜਨਮਾਂ ਦੇ ਕੀਤੇ ਕੰਮਾਂ ਦੇ ਫਲ ਕਾਰਨ ਗੁਰੂ ਮਹਾਰਾਜ ਦੀ ਕਿਰਪਾ ਦੇ ਨਾਲ, ਵਾਹਿਗੁਰੂ ਮਨ ਦੇ ਅੰਦਰ ਵਸ ਜਾਂਦਾ ਹੈ।
If good deeds have been done in the previous lives, by the Guru's Grace, the Lord settles down in the mind.

ਕਹੈ ਨਾਨਕੁ ਏਹੁ ਸਰੀਰੁ ਪਰਵਾਣੁ ਹੋਆ ਜਿਨਿ ਸਤਿਗੁਰ ਸਿਉ ਚਿਤੁ ਲਾਇਆ ॥੩੫॥
kahai naanak ayhu sareer parvaan ho-aa jin satgur si-o chit laa-i-aa. ||35||
ਗੁਰੂ ਨਾਨਕ ਜੀ ਕਹਿੰਦੇ ਹਨ ਕਿ ਸਰੀਰ (ਇਹ ਜਨਮ) ਉਹਦਾ ਵਾਹਿਗੁਰੂ ਨੂੰ ਮਨਜ਼ੂਰ ਹੈ (ਸਫ਼ਲ ਹੈ) ਕਿ ਜੇ ਕਰ ਕਿਸੇ ਨੇ ਉਹਦੇ (ਪਰਮਾਤਮਾ) ਦੇ ਨਾਲ ਪਿਆਰ ਪਾਇਆ ਹੈ।
Says Nanak, the body (this birth) of that person is acceptable to God (Successful), when he or she develops the love for Him. ||35||

ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥
ay naytarahu mayriho har-e tum mehe jote Dharee har-e binu avaru na daykhhu ko-ee.
ਐ ਮੇਰੀਉ ਅੱਖੀਉ ਵਾਹਿਗੁਰੂ ਜੀ ਨੇ ਤੁਹਾਡੇ ਵਿਚ ਨਜ਼ਰ ਪਾਈ ਹੈ (ਦੇਖਣ ਜੋਗਾ ਬਣਾਇਆ ਹੈ), ਸਵਾਏ ਪਰਮਾਤਮਾ ਦੇ ਤੁਸੀ ਹੋਰ ਕੁਝ ਵੀ ਨਾ ਦੇਖੋ।

ਹਰ ਪਾਸੇ, ਹਰ ਚੀਜ਼ ਵਿਚ ਉਹ ਹੀ ਦਿੱਸੇ। ਮਨੁਖ ਹਰ ਵਕਤ ਪਰਮਾਤਮਾ ਨੂੰ ਯਾਦ ਰੱਖੇ। ਮਨ ਦੇ ਅੰਦਰ ਵਾਹਿਗੁਰੂ ਦਾ ਧਿਆਨ ਸਮਾਇਆ ਰਹੇ।

O my eyes, the Lord has given you the power to see, you should not see anything

other than Him (In everything you should see God).

ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ ॥
har-e bin avar na daykhhu ko-ee nadree har-e nihaali-aa.
ਪਰਮਾਤਮਾ ਤੋਂ ਬਿਨਾ ਹੋਰ ਕੁਝ ਨਾ ਦੇਖੋ, ਆਪਣੀਆਂ ਅਖੀਆਂ ਦੇ ਨਾਲ ਪਰਮਾਤਮਾ ਹੀ ਦਿੱਸੇ (ਹਰ ਪਾਸੇ, ਹਰ ਚੀਜ਼ ਵਿਚ ਉਹ ਹੀ ਦਿੱਸੇ)।
Do not look at anything other than the Lord, see the Lord only.
Everywhere and in everything see only the Lord.

ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥
ayhu vis sansaar tum daykh-day ayhu har kaa roop hai har roop nadree aa-i-aa.
ਇਹ ਵਿਸ਼ਵ (ਸਾਰਾ) ਸੰਸਾਰ ਜੋ ਤੁਸੀਂ ਦੇਖਦੇ ਹੋ ਇਹ ਹਰੀ (ਪ੍ਰਭੂ) ਦਾ ਹੀ ਰੂਪ ਹੈ, ਹਰੀ ਦਾ ਰੂਪ ਹੀ ਦਿਸਦਾ ਹੈ ਇਹ।

ਵਿਸੁ – ਵਿਸ਼ਵ: ਸਾਰਾ। ਵਿਸ ਜਾਂ ਵਿਸ਼ ਦਾ ਅਰਥ ਜ਼ਹਿਰ ਵੀ ਹੈ। ਇਹ ਸੰਸਾਰ ਜਿਸ ਨੂੰ ਜ਼ਹਿਰ ਸਮਝਦੇ ਹੋ, ਇਹ ਹਰੀ ਦਾ ਰੂਪ ਹੈ, ਇਸ ਚੋਂ ਹਰੀ ਹੀ ਦਿਸਦਾ ਹੈ। ਲੋਕ ਦੁਨੀਆ ਨੂੰ ਦੁਖਾਂ ਦਾ ਕਾਰਣ (ਜ਼ਿਹਰ) ਸਮਝ ਕੇ ਘਰ–ਪਰਵਾਰ ਛੱਡ, ਭਜਨ ਕਰਣ ਲਈ ਜੰਗਲਾਂ ਪਹਾੜਾਂ ਨੂੰ ਤੁਰ ਜਾਂਦੇ ਸਨ। ਗੁਰੂ ਜੀ ਸਮਝਾਉਂਦੇ ਹਨ ਕਿ ਐਸੀ ਗੱਲ ਨਹੀ, ਇਹ ਸੰਸਾਰ ਵਾਹਿਗੁਰੂ ਦਾ ਰੂਪ ਹੈ, ਉਹਦਾ ਬਣਾਇਆ ਹੈ, ਅਤੇ ਇਹਦੀ ਹਰ ਚੀਜ਼ ਚੋਂ ਪਰਮਾਤਮਾ ਨੂੰ ਦੇਖੋ, ਘਰਬਾਰ ਛੱਡ ਕੇ ਬਾਹਰ ਭਜਣ ਦੀ ਲੋੜ ਨਹੀ, ਘਰ ਰਹਿ ਕੇ ਬੰਦਗੀ ਕਰੋ।

This whole world which you see is the image of God, the image of the Lord is seen.

Vissu – Vishv – whole of, all. Viss or Vish, means poison, as well. The people took worldly things as the source of afflictions (Poison), and so discarded homes and left for the forests and mountains to worship God. The Guru advises that the world is His Creation, and so you should see through it God only and nothing else. You need not run out to escape, but stay home and worship.

ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ ਹਰਿ ਬਿਨੁ ਅਵਰੁ ਨ ਕੋਈ ॥
gur parsaadee bujhi-aa jaa vaykhaa har ik hai har bin avar na ko-ee.
ਮੈਨੂੰ ਇਹ ਸਮਝ (ਕਿ ਜੋ ਦਿਸਦਾ ਹੈ ਪਰਮਾਤਮਾ ਦਾ ਰੂਪ ਹੈ) ਗੁਰੂ ਜੀ ਦੀ ਕਿਰਪਾ ਦੇ ਨਾਲ ਆਈ ਹੈ, ਹੁਣ ਜੋ ਦਿਸਦਾ ਹੈ ਸਭ ਕੁਝ ਇਕ ਵਾਹਿਗੁਰੂ ਹੀ ਜਾਪਦਾ ਹੈ, ਅਤੇ ਹਰੀ: ਪਰਮਾਤਮਾ, ਦੇ ਬਿਨਾ ਹੋਰ ਕੁਝ ਵੀ ਨਹੀ।
I have understood it by the Kindness of the Guru (that whatever is seen is the image of God), now whatever is seen appears God only, and there is nothing else except the Lord.

ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ ॥੩੬॥
kahai naanak ayhi naytar anDh say satgur mili-ai dib darisat ho-ee. ||36||
ਨਾਨਕ ਜੀ ਕਹਿੰਦੇ ਹਨ ਕਿ ਇਹ ਸਰੀਰਕ ਅਖੀਆਂ ਅਨ੍ਹੀਆਂ ਹਨ, ਦਿਬ–ਦ੍ਰਿਸ਼ਟ: ਗਿਆਨ ਦੀ ਨਜ਼ਰ, ਸਤਗਿਰੂ ਜੀ ਤੋਂ ਮਿਲਦੀ ਹੈ।

ਨੇਤ੍ਰ – ਸਰੀਰ ਦੀਆਂ ਅਖੀਆਂ ਅਸਲੀ ਗੱਲ ਨੂੰ ਨਹੀ ਬੁੱਝ ਸਕਦੀਆਂ ਕਿ ਜੋ ਦਿਸਦਾ ਹੈ ਇਹ ਸਭ

ਵਾਹਿਗੁਰੂ ਦਾ ਹੀ ਰੂਪ ਹੈ।

ਦਿਬ ਦ੍ਰਿਸਟਿ – ਅਸਲੀ ਗੱਲ ਨੂੰ ਦੇਖਣ ਵਾਲੀ ਨਜ਼ਰ, ਗਿਆਨ ਦੀ ਨਜ਼ਰ।

Says Nanak, these bodily eyes are blind, but only on meeting the True Guru one gets the vision of knowledge. ||36|| (Bodily eyes - cannot see the reality that whatever we see is the image of God. Vision of knowledge - that sees everything as the Lord).

ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ ॥

ay sarvanhu mayriho saachai sunnai no pathaa-ay.

ਐ ਮੇਰੇ ਕੰਨੋ, ਤੁਸੀਂ ਸੱਚੇ (ਪਰਮਾਤਮਾਂ) ਨੂੰ ਸੁਣਨ ਵਾਸਤੇ ਪਠਾਏ (ਲਾਏ) ਗਏ ਹੋ (ਸੁਣਨਾ ਹੈ ਸੱਚ, ਉਹਦੀਆਂ ਸਿਫ਼ਤਾਂ, ਹੁਕਮ, ਨਾਮ, ਬਾਣੀ)।

O my ears, you have been created to hear the Truth (About Him, His praise, His dictates, His Name, Scriptures).

ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ ॥

saachai sunnai no pathaa-ay sareer laa-ay sunhu sat banee.

ਸੱਚੇ (ਵਾਹਿਗੁਰੂ ਦੇ ਬਾਰੇ, ਅਤੇ ਇਹਦੇ ਨਾਮ) ਨੂੰ ਸੁਣਨ ਲਈ ਲਾਏ ਗਏ ਹੋ, ਤੁਸੀਂ ਸਿਰਫ਼ ਸੱਚੀ ਬਾਣੀ: ਬਾਣੀ ਕਿ ਜੋ ਵਾਹਿਗੁਰੂ ਬਾਰੇ ਦਸਦੀ ਹੈ, ਹੀ ਸੁਣੋ।

You were created to hear the Truth (God and about Him), and listen to the True Bani: the Scriptures that tell about God.

ਜਿਤੁ ਸੁਣੀ ਮਨੁ ਤਨੁ ਹਰਿਆ ਹੋਆ ਰਸਨਾ ਰਸਿ ਸਮਾਣੀ ॥

jit sunee man tan hari-aa ho-aa rasnaa ras samaanee.

ਇਸ (ਬਾਣੀ) ਨੂੰ ਸੁਣ ਕੇ ਮਨ ਅਤੇ ਸਰੀਰ ਨਿਰੋਇ ਹੋ ਜਾਂਦੇ ਹਨ, ਅਤੇ ਜ਼ਬਾਨ ਵਿਚ ਰੱਸ (ਨਾਮ ਰਸ, ਨਾਮ ਦੇ ਜਾਪ ਦੀ ਲਗਨ) ਆ ਜਾਂਦਾ ਹੈ।

Hearing it the mind and body revive (Get rejuvenated, get joy), and the tongue is absorbed in the Holy Essence (Recitation of the Name of God).

ਸਚੁ ਅਲਖ ਵਿਡਾਣੀ ਤਾ ਕੀ ਗਤਿ ਕਹੀ ਨ ਜਾਏ ॥

sach alakh vidaanee taa kee gatte kahee na jaa-ay.

ਸੱਚ (ਪਰਮਾਤਮਾ) ਨਾ ਦੱਸੀਆਂ ਜਾਣ ਸਕਣ ਵਾਲੀਆਂ ਵਡਿਆਈਆਂ ਵਾਲਾ ਹੈ, ਉਹਦੀ ਅਵਸਥਾ: ਹਾਲਤ, ਦੱਸੀ ਨਹੀ ਜਾ ਸਕਦੀ।

ਅਲਖ – ਅਲੱਖ, ਨਾ ਦਿਸਣ ਵਾਲੀਆਂ, ਨਾ ਦੱਸੀਆਂ ਜਾ ਸਕਣ ਵਾਲੀਆਂ।

The True Lord is of invisible: indescribable, not understandable, great qualities, His state - reality, greatness, cannot be described.

ਕਹੈ ਨਾਨਕੁ ਅੰਮ੍ਰਿਤ ਨਾਮੁ ਸੁਣਹੁ ਪਵਿਤ੍ਰ ਹੋਵਹੁ ਸਾਚੈ ਸੁਨਣੈ ਨੋ ਪਠਾਏ ॥੩੭॥

kahai naanak amrit naam sunhu pavitar hovhu saachai sunnai no pathaa-ay. ||37||

ਨਾਨਕ ਜੀ ਕਹਿੰਦੇ ਹਨ ਕਿ ਅੰਮ੍ਰਿਤ ਵਰਗਾ ਨਾਮ ਸੁਣੋ, ਅਤੇ ਪਵਿੱਤਰ ਹੋ ਜਾਉ ਤੁਸੀਂ ਸੱਚ (ਨਾਮ) ਸੁਣਨ ਵਾਸਤੇ ਹੀ ਲਗਾਏ ਗਏ ਹੋ।

ਅੰਮ੍ਰਿਤ ਨਾਮੁ – ਪਵਿੱਤਰ, ਮਰਣ ਤੋਂ ਬਚਾਉਣ ਵਾਲਾ ਰੱਬ ਦਾ ਨਾਮ, ਗੁਰਮੰਤਰ: "ਵਾਹਿਗੁਰੁ," ਗੁਰਬਾਣੀ।

ਪਵਿਤ੍ਰ ਹੋਵਹੁ – ਪਵਿੱਤਰ ਹੋ ਜਾਉ, ਗੁਰਮੁਖ: ਗੁਰੁ ਦਾ ਹੁਕਮ ਮੰਨਣ ਵਾਲੇ ਬਣ ਜਾਉ।

Says Nanak, listen to the Holy Name of God and become purified: holy, you were created to hear the Truth (Name of the Lord). ||37||

Amrit Naam - The Holy Name. The Name of God by reciting which there is no more death – gives immortality.

ਹਰਿ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ ॥

har-e jee-o gufaa andar-e rakhe kai vaajaa pavanu vajaa-i-aa.

ਵਾਹਿਗੁਰੂ ਨੇ ਜੀਉ (ਜੀਵ ਦੀ ਆਤਮਾ) ਗੁਫ਼ਾ: ਸਰੀਰ, ਅੰਦਰ ਰੱਖ ਕੇ ਪਵਣ ਦਾ ਵਾਜਾ ਵਜਾਇਆ, ਸਾਹ – ਜਾਨ ਪਾ ਦਿੱਤੀ।

ਵਾਜਾ ਪਵਣੁ ਵਜਾਇਆ – ਇਹ ਸਰੀਰ ਕਿ ਜੋ ਸੁਆਸਾਂ ਕਰ ਕੇ ਜੀਂਵਦਾ ਹੈ, ਇਸ ਦੇ ਵਿਚ ਸੁਆਸ ਪਾਏ, ਇਸ ਵਿਚ ਆਪਣੀ ਸੱਤਾ, ਚੇਤਨਤਾ: ਜਾਨ, ਪਾ ਦਿੱਤੀ।

The Lord placed the soul into the cave (Body), and blew the breath of life into this musical instrument: body - Consciousness, soul, was put into the body, it became activated.
(Vaajaa pavann vajaa-ae-aa – The breath keeps this body alive, God blew the breath (Life) into this body and activated it).

ਵਜਾਇਆ ਵਾਜਾ ਪਉਣ ਨਉ ਦੁਆਰੇ ਪਰਗਟੁ ਕੀਏ ਦਸਵਾ ਗੁਪਤੁ ਰਖਾਇਆ ॥

vajaa-i-aa vaajaa pa-un na-o du-aaray pargatu kee-ay dasvaa gupatu rakhaa-i-aa.

ਇਹ ਹਵਾ ਦੇ ਨਾਲ ਵੱਜਣ ਵਾਲਾ ਵਾਜਾ ਵਜਾ ਦਿੱਤਾ (ਸਰੀਰ ਦੇ ਵਿਚ ਸੁਆਸ, ਜਾਨ ਪਾ ਦਿੱਤੀ), ਇਹਦੇ ਨੌਂ ਦਰਵਾਜ਼ੇ ਤਾਂ ਦਿਸਦੇ ਰੱਖੇ, ਭਰ ਦੱਸਵਾਂ: ਦਸੱਮ–ਦੁਆਰ – ਦੱਸਵਾਂ ਦਰਵਾਜ਼ਾ, ਲੁਕਵਾਂ ਹੈ, ਨਜ਼ਰ ਨਹੀ ਆਉਂਦਾ।

ਨਉ ਦੁਆਰੇ – ਦੋ ਅੱਖੀਆਂ, ਦੋ ਕੰਨ, ਨੱਕ ਦੇ ਦੋ ਰਾਹ (ਨਾਸਾਂ), ਮੂੰਹ, ਦੋ ਗੁਪਤ ਅੰਗ, ਇਹ ਸਾਰੇ ਦਿਸਦੇ ਹਨ।

ਦੱਸਮ–ਦੁਆਰ – ਦੱਸਵਾਂ ਦਰਵਾਜ਼ਾ: ਆਤਮਾ–ਪਰਮਾਤਮਾ, ਦੇ ਰਹਿਣ ਦੀ ਥਾਂ। ਇਹ ਸਿਰ ਦੀ ਚੋਟੀ (ਸਿਰ ਦਾ ਤਾਲੂ) ਵਾਲੀ ਥਾਂ ਤੇ ਹੈ ਕਿ ਜਿੱਥੇ ਜੂੜਾ ਜਾਂ ਬੋਦੀ ਬਣਾਉਂਦੇ ਹਨ। ਇਹ ਕੋਈ ਸਰੀਰ ਦਾ ਅੰਗ ਨਹੀ, ਅਨਭਵ: ਆਤਮਿਕ–ਨਜ਼ਰ ਦੀ ਗੱਲ ਹੈ। ਇਹ ਥਾਂ ਦਿਸਦਾ ਨਹੀ।

He blew the breath of life into this musical instrument (activated the body), revealed its nine doors, and kept the tenth-door hidden.

na-o du-aaray: Nine-Doors - Two eyes, two ears, two nostrils, one mouth and two private parts. These are visible.

dassvaa: Tenth - The Tenth-Door, is the place of soul i.e. of God, and is at the top of the head. This is not a body-organ.

ਗੁਰਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰੁ ਦਿਖਾਇਆ ॥

gurdu-aarai laa-ay bhaavnee iknaa dasvaa du-aar dikhaa-i-aa.

ਗੁਰੂ-ਦੁਆਰੇ (ਗੁਰੂ-ਘਰ, ਗੁਰੂ) ਦੇ ਨਾਲ ਪਰੇਮ ਬਣਾ ਲਵੇ (ਵਿਸ਼ਵਾਸ ਬਣਾ ਲਵੇ, ਨਾਮ ਜਪੇ, ਬਾਣੀ ਪੜ੍ਹੇ), ਤਾਂ ਉਹਨੂੰ ਦੱਸਵਾਂ-ਦੁਆਰ, ਕਿ ਜੋ ਗੁਪਤ ਹੈ, ਵੀ ਦਿਸ ਪੈਂਦਾ ਹੈ - ਬਰਹਮ ਗਿਆਨ, ਭਾਵ ਆਤਮਾ-ਪਰਮਾਤਮਾ ਦਾ ਗਿਆਨ ਹੋ ਜਾਂਦਾ ਹੈ।

By developing faith in the Guru, the tenth-door even (which is secret, hidden) gets revealed (One gets the knowledge of the soul and God).

ਤਹ ਅਨੇਕ ਰੂਪ ਨਾਉ ਨਵ ਨਿਧਿ ਤਿਸ ਦਾ ਅੰਤੁ ਨ ਜਾਈ ਪਾਇਆ ॥

tah anayk roop naa-o nav niDh tis daa antu na jaa-ee paa-i-aa.

ਉਹਦੇ ਅਨੇਕਾ ਕਿਸਮਾਂ ਦੇ ਨਵ-ਨਿਧ ਨਾਮ ਹਨ (ਨੌਂ ਨਿਧੀਆਂ ਦੇਣ ਵਾਲੇ ਨਾਮ), ਪਰਮਾਤਮਾ ਦਾ ਅੰਤ ਨਹੀ ਪਾਇਆ ਜਾ ਸਕਦਾ।

ਨੌ ਨਿਧੀਆਂ - ਨੌਂ ਕਿਸਮ ਦੇ ਖਜ਼ਾਨੇ: 1. ਪਦਮ - ਪੁਤ ਪੋਤਰੇ, ਸੋਨਾ, ਚਾਂਦੀ, ਹੋਰ ਕੀਮਤੀ ਧਾਤਾਂ। 2. ਮਹਾਨ ਪਦਮ - ਹੀਰੇ, ਮੋਤੀ, ਰਤਨ। 3. ਖਰਬ - ਸਭ ਕਿਸਮ ਦੀਆਂ ਕੀਮਤੀ ਚੀਜ਼ਾਂ। 4. ਕੁੰਦ - ਸੋਨੇ ਦਾ ਬਿਉਪਾਰ। 5. ਨੀਮ - ਹੀਰੇ-ਜਵਾਹਰ, ਰਤਨਾ ਦਾ ਬਿਉਪਾਰ। 6. ਸੰਖ - ਸਵਾਦੀ ਖਾਣ ਦੀਆਂ ਵਸਤਾਂ। 7. ਕਛੱਪ - ਅਨ-ਦਾਣੇ, ਬਸਤਰ। 8. ਮੁਕੰਦ - ਸੰਗੀਤ ਤੇ ਸੰਗੀਤਕਾਰ। 9. ਮੱਕਰ - ਸ਼ਸਤਰ-ਵਿੱਦਿਆ ਤੇ ਹਕੂਮਤ।

ਨੌ ਨਿਧੀਆਂ ਤੋਂ ਭਾਵ ਹੈ ਸੰਸਾਰ ਦੇ ਸਾਰੇ ਖਜ਼ਾਨੇ, ਪਦਾਰਥ: ਜ਼ਮੀਨ-ਜਾਇਦਾਦ, ਧਰਤੀ-ਸਮੁੰਦਰ ਦੀਆਂ ਵਸਤਾਂ, ਪੁਤ-ਪੋਤਰੇ, ਨੌਕਰ, ਸਿਹਤ, ਸਿਆਣਪ, ਜਾਨਵਰ, ਸਵਾਰੀ, ਨਾਮ, ਇਜ਼ੱਤ-ਮਾਣ। ਕਿਸੇ ਵੀ ਚੀਜ਼ ਦਾ ਘਾਟਾ ਨਹੀ ਰਹਿੰਦਾ।

There is no limit to the different treasure-giving (Boon-giving) Names of God, and His limits cannot be found.

(Naao nav-Nidhe – Naao: Name; Nav: nine; Nidhe: treasures. God's Name that give nine types of treasures. These are: land, property, riches, produce of the land and sea, children, grand children, servants, health, wisdom, animals and rides, Name of God (Worship), name-fame, etc. It means everything in the world.

ਕਹੈ ਨਾਨਕੁ ਹਰਿ ਪਿਆਰੈ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ ॥੩੮॥

kahai naanak har pi-aarai jee-o gufaa andar rakh kai vaajaa pavanu vajaa-i-aa. ||38||

ਨਾਨਕ ਜੀ ਕਹਿੰਦੇ ਹਨ, ਪਿਆਰੇ ਪਰਮਾਤਮਾ ਨੇ ਸਰੀਰ ਦੇ ਅੰਦਰ ਆਤਮਾ ਰੱਖ ਕੇ, ਸੁਆਸਾਂ ਦੁਆਰਾ (ਨਾਮ ਦੀ ਕਿਰਪਾ ਦੇ ਨਾਲ) ਇਹਦੇ ਵਿਚ ਜਾਨ ਪਾ ਦਿੱਤੀ।

Says Nanak, the Lord placed soul into the body, and gave life to it with his

Kindness. ||38||
(The body that depends on breath, He put breath (life) into it by virtue of His Kindness).

ਏਹੁ ਸਾਚਾ ਸੋਹਿਲਾ ਸਾਚੈ ਘਰਿ ਗਾਵਹੁ ॥
ayhu saachaa sohilaa saachai ghar gaavhu.
ਇਹ ਸੋਹਿਲਾ: ਖੁਸ਼ੀ ਦੇ ਸੱਚੇ ਗੀਤ (ਵਾਹਿਗੁਰੂ ਦੀ ਤਾਰੀਫ਼) ਸੱਚੇ ਦੇ ਘਰ ਆ ਕੇ ਗਾਉ।
ਸੋਹਿਲਾ – ਖੁਸ਼ੀ ਦੇ ਗੀਤ, ਪਰਮਾਤਮਾ ਦੀ ਉਸਤਤ ਦੇ ਸ਼ਬਦ। ਨਾਮ ਦਾ ਜਾਪ, ਗੁਰਬਾਣੀ ਦਾ ਪੜ੍ਹਣਾ।
ਸਾਚੈ ਘਰਿ – ਪਰਮਾਤਮਾ ਨੂੰ ਮਨ ਦੇ ਵਿਚ ਟਿਕਾ ਕੇ। ਸੰਗਤ ਦੇ ਨਾਲ ਮਿਲ ਕੇ।
Sing the true praise of God (The Name of God, Gurbani: Hymns i.e. Scriptures) in the True-Home (In the God-Oriented congregation, in the mind - by concentrating on Him).

ਗਾਵਹੁ ਤ ਸੋਹਿਲਾ ਘਰਿ ਸਾਚੈ ਜਿਥੈ ਸਦਾ ਸਚੁ ਧਿਆਵਹੇ ॥
gaavhu ta sohilaa ghar saachai jithai sadaa sach Dhi-aavhay.
ਵਾਹਿਗੁਰੂ ਦੀ ਸਿਫ਼ਤ ਸਦਾ ਸੱਚੇ ਘਰ ਵਿਚ ਬੈਠ ਕੇ (ਪਰਮਾਤਮਾ ਨੂੰ ਮਨ ਅੰਦਰ ਟਿਕਾ ਕੇ, ਸਾਧ-ਸੰਗਤ ਵਿਚ ਬੈਠ ਕੇ)) ਗਾਉ, ਕਿ ਜੋ ਸਦਾ ਹੀ ਪਰਮਾਤਮਾ ਨੂੰ ਯਾਦ ਕਰਨ ਦਾ ਥਾਂ ਹੈ।
Sing the songs of the praise of God in the True Home, where the Lord is remembered always by the devotees. (Songs of praise – recite His Name and Hymns. True Home – the mind i.e. by concentrating on Him, in the God-Oriented congregation,).

ਸਚੋ ਧਿਆਵਹਿ ਜਾ ਤੁਧੁ ਭਾਵਹਿ ਗੁਰਮੁਖਿ ਜਿਨਾ ਬੁਝਾਵਹੇ ॥
sacho Dhi-aavahi jaa tuDh bhaaveh gurmukhe jinaa bujhaavhay.
(ਪਰਮਾਤਮਾ ਜੀ,) ਜੇ ਤੁਸੀਂ ਚਾਹੋ ਤਾਂ ਹੀ ਕੋਈ ਤੁਹਾਨੂੰ ਯਾਦ ਕਰ ਸਕਦਾ ਹੈ, ਇਹ ਤੁਹਾਡੇ ਪਿਆਰੇ ਹੀ ਹੁੰਦੇ ਹਨ ਕਿ ਜਿਨ੍ਹਾਂ ਨੂੰ ਤੁਸੀਂ ਆਪ ਅਜਿਹੀ (ਨਾਮ ਜਪਣ ਦੀ) ਅਕਲ-ਬੁੱਧ ਬਖਸ਼ਦੇ ਹੋ।
Only those whom You desire can remember You, and wisdom to do so is also given to such God-Oriented people by You.

ਇਹੁ ਸਚੁ ਸਭਨਾ ਕਾ ਖਸਮੁ ਹੈ ਜਿਸੁ ਬਖਸੇ ਸੋ ਜਨੁ ਪਾਵਹੇ ॥
ih sach sabhnaa kaa khasam hai jis bakhsay so jan paavhay.
ਇਹ ਸੱਚ ਸਭ ਤੋਂ ਉੱਚਾ ਹੈ (ਖਸਮ, ਮਾਲਿਕ ਹੈ) ਅਤੇ ਜਿਸ ਉੱਤੇ ਤੂੰ ਮਿਹਰ ਕਰਦਾ ਹੈਂ ਉਹਨੂੰ ਹੀ ਇਹ (ਤੈਨੂੰ ਜਾਣਨ ਤੇ ਨਾਮ ਜਪਣ ਦਾ) ਗੁਣ ਮਿਲਦਾ ਹੈ।
ਇਹ ਸੱਚ – ਰੱਬ ਆਪ, ਰੱਬ ਦਾ ਨਾਮ, ਇਹ ਸਚਾਈ ਕਿ ਤੇਰੀ ਕਿਰਪਾ ਦੇ ਨਾਲ ਹੀ ਕੋਈ ਨਾਮ ਜਪ ਸਕਦਾ ਹੈ।
ਵਾਹਿਗੁਰੂ, ਸਮਝਣ-ਪਹੁੰਚਣ ਤੋਂ ਪਰਹੇ ਹੈ, ਜਿਸ ਉੱਤੇ ਉਹ ਆਪ ਕਿਰਪਾ ਕਰੇ ਉਹ ਹੀ ਇਹ ਸਚਾਈ ਸਮਝ ਸਕਦਾ ਹੈ ਕਿ ਨਿਰੀਆਂ ਗੱਲਾਂ ਦੇ ਨਾਲ ਕੁਝ ਨਹੀ ਬਣਦਾ, ਅਤੇ ਚੰਗੇ ਕਰਮ ਕੀਤਿਆਂ, ਨਾਮ ਜਪਿਆਂ ਹੀ ਉਹਦੀ ਕਿਰਪਾ ਦੇ ਨਾਲ ਰੱਬ ਦੀ ਸਮਝ ਆਉਂਦੀ ਹੈ।
This Truth is the Master: greatest of all, and one attains this by His blessings.

This Truth - Secret about God and His Name.

Attains this – the knowledge about God and His Name.

God is beyond our reach and understanding. Only the one blessed by God can understand this. With talks only we can attain nothing. It needs all the virtues and recitation of His Name to realize - understand, Him.

ਕਹੈ ਨਾਨਕੁ ਸਚੁ ਸੋਹਿਲਾ ਸਚੈ ਘਰਿ ਗਾਵਹੇ ॥੩੯॥

kahai naanak sach sohilaa sachai ghar gaavhay. ||39||

ਨਾਨਕ ਜੀ ਕਹਿੰਦੇ ਹਨ ਕਿ ਵਾਹਿਗੁਰੂ ਦੀ ਸਿਫ਼ਤ ਦਾ ਗਾਉਣ (ਸ਼ਬਦ-ਬਾਣੀ, ਨਾਮ-ਜਾਪ) ਸੱਚੇ ਘਰ ਕਰੀਦਾ ਹੈ (ਮਨ ਨੂੰ ਰੱਬ ਦੇ ਨਾਲ ਜੋੜ, ਸੰਗਤ ਦੇ ਨਾਲ ਮਿਲ ਕੇ)।

Says Nanak, the true songs of His praise (Hymns, Bani: Scriptures) are sung in the True Home (By setting mind: concentrating, on Him, in the congregation). ||39||

ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ ॥

anad sunhu vadbhaageeho sagal manorath pooray.

ਚੰਗੇ ਕਰਮਾ ਵਾਲਿਉ, ਬਾਣੀ ਕਿ ਜਿਸਦਾ ਨਾਮ "ਅਨੰਦ"- ਅਨੰਦ ਦੇਣ ਵਾਲੀ ਹੈ ਸੁਣੋ, ਇਹਦੇ ਨਾਲ ਚੰਗੀਆਂ ਇਛਾਵਾਂ ਪੂਰੀਆਂ ਹੁੰਦੀਆਂ ਹਨ।

O the lucky-ones, listen to the Scripture called "Anand" - the Hymn of Bliss, Joy, it will fulfill all your good desires.

ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ ॥

paarbarahm parabh paa-i-aa utray sagal visooray.

ਪ੍ਰਭੂ ਪਰਮਾਤਮਾ ਨੂੰ ਮਿਲ ਕੇ - ਵਾਹਿਗੁਰੂ ਜੀ ਦੀ ਯਾਦ ਵਿਚ ਲੀਨ ਹੋ ਕੇ, ਸਾਰੇ ਵਿਸੂਰੇ: ਚਿੰਤਾ, ਫ਼ਿਕਰ, ਝੋਰੇ, ਦੂਰ ਹੋ ਜਾਂਦੇ ਹਨ।

By getting deeply attached to God, all worries and sorrows go away.

ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥

dookh rog santaap utray sunee sachee banee.

ਦੁਖ, ਰੋਗ, ਚਿੰਤਾ ਦੂਰ ਹੋ ਜਾਂਦੇ ਹਨ ਸੱਚੀ ਬਾਣੀ - ਪਰਮਾਤਮਾ ਦੀ ਉਸਤੱਤ, ਗੁਰਬਾਣੀ, ਨੂੰ ਸੁਣ ਕੇ।

ਭਾਵੇਂ ਕਿ ਤੀਸਰੇ ਪਾਤਿਸ਼ਾਹ ਗੁਰੂ ਅਮਰਦਾਸ ਜੀ ਦੇ ਵਕਤ ਹਾਲੀ ਗੁਰੂ ਗਰੰਥ ਨਹੀ ਸੀ ਲਿਖਿਆ ਗਿਆ, ਹੁਣ ਦੇ ਸਮੇ ਇਹ ਕਹਿਣਾ ਦਰੁਸਤ ਹੈ ਕਿ ਗੁਰਬਾਣੀ ਉਹ ਹੈ ਕਿ ਜੋ ਗੁਰੂ ਗਰੰਥ ਸਾਹਿਬ ਦੇ ਵਿਚ ਹੈ, ਅਤੇ ਉਹ ਵੀ ਕਿ ਜੋ ਗੁਰੂ ਗੋਬਿੰਦ ਸਿੰਘ ਜੀ ਨੇ ਉਚਾਰੀ।

Pain, illness and suffering leave the man by listening to the True Bani: Hymns of the praise of God.

(Although at the time of Guru Amar Das, the 3rd Guru, Guru Granth Sahib was not compiled, it is right to say for the present that Gurbani is all that is given in this Holy Book, and also the one composed by the 10th Master Guru Gobind Singh).

ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ ॥
sant saajan bha-ay sarsay pooray gur tay jaanee.
ਸੰਤ ਅਤੇ ਗੁਰਮੁਖ ਸਰਸੇ: ਅਨੰਦ (ਖੁਸ਼) ਹੋ ਗਏ ਹਨ, ਕਿ ਇਹ ਬਾਣੀ ਪੂਰਨ ਗੁਰੂ ਮਹਾਰਾਜ ਤੋਂ ਜਾਣੀ ਗਈ ਹੈ – ਬਾਣੀ ਧੁਰ ਕੀ: ਵਾਹਿਗੁਰੂ ਦੀ ਬਖਸ਼ੀ ਹੋਈ ਹੈ।

ਜਾਣਕੇ ਕਿ ਇਹ ਬਾਣੀ ਸੱਚੀ ਤੇ ਖੁਸ਼ੀ ਬਖਸ਼ਦੀ ਹੈ, ਸਭਨਾ ਨੂੰ ਬਹੁਤ ਪਰਸੰਤਾ ਹੋਈ ਹੈ।

The Saints and friends are happy to know that this Bani (Scripture) is the blessing of the Perfect Guru (Is the revealed Bani, blessed by God).
(The devotees are very happy to realize that this is the True Scripture and reciting it gives peace of mind, happiness - salvation – liberation, everything spiritual and worldly).

ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ ॥
suntay puneet kahtay pavit satgur rahi-aa bharpooray.
ਇਸ ਬਾਣੀ ਨੂੰ ਸੁਣਨ ਵਾਲੇ ਅਤੇ ਪੜ੍ਹਣ ਵਾਲੇ, ਦੋਨੋ ਪਵਿੱਤਰ ਹੋ ਜਾਂਦੇ ਹਨ ਕਿਉਂ ਜੋ ਇਹ ਪਰਮਾਤਮਾ, ਇਹਦੀ ਸਿਫ਼ਤ, ਦੇ ਨਾਲ ਭਰੀ ਹੋਈ ਹੈ (ਵਾਹਿਗੁਰੂ ਦੀ ਘੱਲੀ ਹੋਈ ਹੈ)।
Pure are those who listen, and also those become pure who recite this Scripture, because it is filled with the praise of God (It is God sent: revealed to the Guru).

ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ ॥੪੦॥੧॥
binvant naanak gur charan laagay vaajay anhad tooray. ||40||1||
ਗੁਰੂ ਨਾਨਕ ਦੇਵ ਜੀ ਬੇਨਤੀ ਕਰਦੇ, ਕਹਿੰਦੇ, ਹਨ ਕਿ ਗੁਰੂ ਮਹਾਰਾਜ (ਪਰਮਾਤਮਾ) ਦੇ ਚਰਨੀ ਲੱਗਿਆਂ, ਸ਼ਰਨ ਆਇਆਂ, ਵੱਜਣ ਲੱਗ ਪੈਂਦੇ ਹਨ ਅਨਹਦ ਤੂਰੇ (ਖੁਸ਼ੀ, ਰੱਬੀ ਆਵਾਜ਼ਾਂ ਦੇ ਵਾਜੇ)।

ਗੁਰ ਚਰਨ ਲਾਗੇ – ਪਰਮਾਤਮਾ ਦੇ ਧਿਆਨ ਵਿਚ ਲੀਨ ਹੋਇਆਂ, ਨਾਮ ਜਪਿਆਂ, ਬਾਣੀ ਪੜ੍ਹਿਆਂ। ਗੁਰੂ ਜੀ ਦੀ ਸ਼ਰਨ ਆਇਆਂ ਇਹ ਨਾਮ, ਅਤੇ ਇਹਨੂੰ ਜਪਣਾ ਦਸਦੇ ਹਨ।

ਅਨਹਦ – ਲਗਾਤਾਰ ਆਵਾਜ਼, ਬਿਨਾ ਕਾਰਣ ਆਵਾਜ਼, ਰੱਬੀ–ਧੁਨ। ਭਜਨ ਕਰਨ ਵਾਲੇ ਕਈ ਕਿਸਮ ਦੀਆਂ ਆਵਾਜ਼ਾਂ ਸੁਣਦੇ ਹਨ ਕਿ ਜਿਨ੍ਹਾਂ ਚੋਂ ਇਹ "ਪੰਚ–ਸ਼ਬਦ" ਮੋਹਰੇ ਹਨ – 1. ਤਾਰਾਂ ਵਾਲੇ ਸਾਜ਼: ਵੀਨਾ, ਸਰੰਗੀ; 2. ਚਮੜਾ ਮੜ੍ਹੇ ਸਾਜ਼: ਢੋਲ; 3. ਸਾਹ ਦੇ ਨਾਲ ਵਜਾਉਣ ਵਾਲੇ ਸਾਜ਼: ਤੂਤੀ; 4. ਧਾਤ ਦੇ ਬਣੇ ਸਾਜ਼: ਛੈਣੇ, ਘੜਿਆਲ; 5. ਖ਼ਲਾ (ਵਿਹਲੀ ਥਾਂ ਏਟਹਏਰ) ਤੋਂ ਆਵਾਜ਼: ਘੜਾ ਥਪਕਿਆਂ, ਸਮੁੰਦਰ ਦੀ ਜਾਂ ਸੰਖ ਵਜਾਉਣ ਤੋਂ ਉਪਜੀ ਆਵਾਜ਼।

ਤੂਰੇ – ਤੂਰ: ਨਰਸਿੰਘੇ, ਸਾਹ ਦੇ ਨਾਲ ਵਜਾਉਣ ਵਾਲੇ ਵੱਡੇ ਤੂਤੇ (ਧੂਤੇ) ਜਿਹੇ। ਅਨਹਦ ਤੂਰੇ – ਖੁਸ਼ੀ ਦੇ ਵਾਜੇ।

Guru Nanak says, by taking the shelter of the Guru (Surrendering to Him and reciting His Name), Anhad. i.e. Godly - Celestial, musical sounds of joy get set in. The practitioner of the Name of God starts listens to the sounds of some musical instruments. ||40||1||

Gur Charan laagae – By taking shelter of the Guru (Waheguru).

Anhad – A sound without any cause i.e. without striking any thing, Celestial Sound. It is a limitless: continuous, spiritual sound. While reciting the Name of

God, some sounds may be heard, and these are of five main types 1. String instruments played with a bow – like a violin, or Sarangee. 2. Leather bound instruments – drum. 3. Instruments played by blowing in – flute, trumpet. 4. Instruments made of metal – gong, bell. 5. Sound from space – by striking the empty pot, sound from sea.

Toorae – Toor: a big metal, usually brass trumpet named Narsinghaa, or Ransinghaa. The both are same. It is played by blowing into it. Its sound is resounding and thick. Narsinghaa announces the arrival or departure of someone, and Ransinghaa is played in a battle, confrontation, or to announce victory.